੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਬਿਜਲੀਆਂ ਦੇ ਹਾਰ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ
ਨਵੀਂ ਦਿੱਲੀ-੧੧੦੦੦੧


www.sikhbookclub.com

*Bijliyan De Haar*
Bhai Vir Singh

ISBN # 978-81-904956-1-5

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਅਠਾਰ੍ਹਵੀਂ ਐਡੀਸ਼ਨ, ਮਾਰਚ ੨੦੦੮

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ,
ਭਾਈ ਵੀਰ ਸਿੰਘ ਮਾਰਗ,
ਨਵੀਂ ਦਿੱਲੀ

*ਪ੍ਰਿੰਟਰ :*
ਪ੍ਰਿੰਟੋਗ੍ਰਾਫ ਪ੍ਰਿੰਟਰਜ਼
੨੯੬੬/੪੧, ਕਰੋਲ ਬਾਗ,
ਨਵੀਂ ਦਿੱਲੀ-੧੧੦੦੦੫

ਭੇਟਾ : 42/- ਰੁਪਏ

 www.sikhbookclub.com

ੴ ਸਤਿਗੁਰ ਪ੍ਰਸਾਦਿ॥

# ਬਿਜਲੀਆਂ ਦੇ ਹਾਰ

## <u>ਛਪਾਈ ਦਾ ਵੇਰਵਾ</u>


| | | | |
|---|---|---|---|
| ਪਹਿਲੀ ਵਾਰ | ਅਗਸਤ, | ੧੯੨੭ | |
| ............ | ............ | ............ | |
| ............ | ............ | ............ | |
| ਨਉਵੀਂ ਵਾਰ | | ੧੯੫੦ | |
| ਦਸਵੀ ਵਾਰ | ਅਕਤੂਬਰ, | ੧੯੫੬ | |
| ਗਯਾਰਵੀਂ ਵਾਰ | ਸਤੰਬਰ, | ੧੯੬੧ | |
| ਬਾਰ੍ਹਵੀਂ ਵਾਰ | ਮਾਰਚ, | ੧੯੬੭ | |
| ਤੇਰ੍ਹਵੀਂ ਵਾਰ | ਸਤੰਬਰ, | ੧੯੮੪ | |
| ਚਉਧਵੀ ਵਾਰ | ਜੂਨ, | ੧੯੯੧ | |
| ਪੰਦ੍ਰਵੀਂ ਵਾਰ | ਸਤੰਬਰ | ੧੯੯੩ | |
| ਸੋਲ੍ਹਵੀਂ ਵਾਰ | ਅਗਸਤ | ੧੯੯੫ | |
| ਸਤਾਰ੍ਹਵੀਂ ਵਾਰ | ਸਤੰਬਰ | ੧੯੯੭ | |
| ਅਠਾਰ੍ਹਵੀ ਵਾਰ | ਮਾਰਚ, | ੨੦੦੮ | (Computerised) |

## ਬਿਜਲੀਆਂ ਦੇ ਹਾਰ

ਅਰਥਾਤ

# ਵਿਕੋਲਿੱਤ੍ਰੇ ਖਿਆਲ

ਇਹ ਚਿਰਾਂ ਤੋਂ ਹੁਣ ਤਾਂਈਂ ਕਦੇ ਕਦੇ ਦੇ ਲਿਖੇ ਗਏ ਖ਼ਯਾਲ ਹਨ, ਜੋ ਇਸ ਸੰਚੇ ਵਿਚ ਪ੍ਰਕਾਸ਼ਤ ਹੁੰਦੇ ਹਨ। ਕੋਈ ਸਿਲਸਿਲੇ ਦਾ ਪ੍ਰਸੰਗ ਸਾਰੀ ਪੋਥੀ ਦਾ ਵਿਸ਼ਾ ਨਹੀਂ, ਪਰ ਵਿਕਲਿੱਤ੍ਰੇ ਖ਼ਯਾਲ ਅਪਣੇ ਆਪ ਵਿਚ ਸਮਾਪਤ ਹਨ, ਚਾਹੋ ਨਿਕੀਆਂ ਕਵਿਤਾਂ ਹਨ ਤੇ ਚਾਹੋ ਲੰਮੇਰੀਆਂ।

ਅਗਸਤ ੧੯੨੭ ਕਰਤਾ

# ਸੂਚੀ ਪੱਤ੍ਰ


| ਸੰ: | ਸਿਰਲੇਖ | ਪੰਨਾ |
|---|---|---|
| ੧. | ਉੱਚੀ ਹਣ | ੧ |
| ੨. | ਅੱਜ | ੨ |
| ੩. | ਸਮਾਂ | ੩ |
| ੪. | ਮਹਿੰਦੀ ਦੇ ਬੂਟੇ ਕੋਲ | ੪ |
| ੫. | ਅਣਡਿੱਠਾ ਰਸਦਾਤਾ | ੫ |
| ੬. | ਤ੍ਰੇਲ ਦਾ ਤੁਪਕਾ | ੬ |
| ੭. | ਗਜਾਨ-ਅੱਗਜਾਨ | ੭ |
| ੮. | ਵਲਵਲਾ | ੮ |
| ੯. | ਰਸ ਰੱਤਿਆਂ ਦੀ ਖੋਜ | ੯ |
| ੧੦. | ਮੋੜ ਨੈਣਾਂ ਦੀ ਵਾਗ ਵੇ | ੧੦ |
| ੧੧. | ਗੁਲਦਾਊਦੀਆਂ ਨਹੀਂ ਆਈਆਂ | ੧੨ |
| ੧੨. | ਉਡੀਕ | ੧੩ |
| ੧੩. | ਕਮਲ ਗੋਦੀ ਵਿਚ ਤ੍ਰੇਲ ਮੋਤੀ | ੧੪ |
| ੧੪. | ਨਾ ਹੁਇ ਓਹਲੇ | ੧੫ |
| ੧੫. | ਦਰ ਢੱਠਿਆਂ ਦੀ ਕਦਰ | ੧੫ |
| ੧੬. | ਚਲੋ ਚਲੀ ਦੀ ਸੱਦ | ੧੬ |
| ੧੭. | ਢੋਲਾ ਰੁੱਸਕੇ ਨਾ ਜਾ | ੧੮ |
| ੧੮. | ਹਉਂ ਤੇ ਸੱਚ ਮੁੱਚ | ੨੦ |
| ੧੯. | ਵਰਜਿਤ ਵਾੜੀ | ੨੧ |
| ੨੦. | ਬੁੱਲ੍ਹ | ੨੪ |
| ੨੧. | ਆਪੇ ਦਾ ਕਾਦਰ | ੨੫ |





www.sikhbookclub.com

| ਸੰ: | ਸਿਰਲੇਖ | ਪੰਨਾ |
|---|---|---|
| ੨੨. | ਧੋਬੀ | ੨੭ |
| ੨੩. | ਮੀਂਹ ਮੇਹਰ | ੨੭ |
| ੨੪. | ਇਕ ਵੈਰਾਨ ਬਾਗ | ੨੮ |
| ੨੫. | ਸ੍ਰੀ ਦਰਬਾਰ ਸਾਹਿਬ (ਹਰਿਮੰਦਰ) | ੩੦ |
| ੨੬. | ਪੱਥਰ-ਸ਼ੀਸ਼ਾ-ਹੀਰਾ | ੩੧ |
| ੨੭. | ਜ਼ੀਨਤ ਬੇਗਮ | ੩੨ |
| ੨੮. | ਸਾਈਂ ਲਈ ਤੜਪ | ੩੩ |
| ੨੯. | ਭੰਬੀਰੀ | ੩੪ |
| ੩੦. | ਫੁੱਲ | ੩੫ |
| ੩੧. | ਅੰਦਰ ਦੀ ਟੇਕ | ੩੬ |
| ੩੨. | ਗੁਲਾਬ ਦਾ ਫੁੱਲ | ੩੭ |
| ੩੩. | ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ | ੪੦ |
| ੩੪. | ਅਟਕ | ੪੨ |
| ੩੫. | ਮਰਦ ਦਾ ਕੁੱਤਾ | ੪੮ |
| ੩੬. | ਗੁਲਦਾਊਦੀਆਂ ਆਈਆਂ | ੫੫ |
| ੩੭. | ਕੁਤਬ ਦੀ ਲਾਠ | ੫੯ |
| ੩੮. | ਬੇਲਾ ਭੁਆਨੀ | ੬੩ |
| ੩੯. | 'ਪਿਆਰ' ਤੇ 'ਫਰਜ਼' ਦੀਆਂ ਦੇਵੀਆਂ ਦੀ ਸੰਬਾਦ | ੬੯ |
| ੪੦. | ਪਦਮ ਬ੍ਰਿੱਛ ਦੀ ਬਹਾਰ | ੮੦ |
| ੪੧. | ਗੰਗਾ ਰਾਮ | ੮੬ |
| ੪੨. | ਹੁਣ | ੧੦੬ |


 www.sikhbookclub.com

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਬਿਜਲੀਆਂ ਦੇ ਹਾਰ

## ਉੱਚੀ ਹੁਣ

'ਬੀਤ ਗਈ' ਦੀ ਯਾਦ
ਪਈ ਹੱਡਾਂ ਨੂੰ ਖਾਵੇ,
'ਔਣ ਵਾਲਿ' ਦਾ ਸਹਿਮ
ਜਾਨ ਨੂੰ ਪਿਆ ਸੁਕਾਵੇ,
'ਹੁਣ ਦੀ' ਛਿਨ ਨੂੰ ਸੋਚ
ਸਦਾ ਹੀ ਖਾਂਦੀ ਜਾਵੇ,-
'ਗਈ' ਤੇ 'ਜਾਂਦੀ', 'ਜਾਇ',
ਉਮਰ ਏ ਵਜਰਥ ਵਿਹਾਵੇ:

'ਯਾਦ' 'ਸਹਿਮ' ਤੇ 'ਸੋਚ' ਨੂੰ
ਹੇ 'ਕਾਲ ਅਕਾਲ' ਸਦਾ ਤੁਹੀਂ!
ਤ੍ਰੈ ਕਾਲ ਭੁੱਲ ਤੋਂ ਕੱਢ ਕੇ
'ਹੁਣ ਉੱਚੀ' ਵਿਚ ਟਿਕਾ ਦਈਂ। ੧.

***

# ਅੱਜ

'ਕੱਲ' ਚੁਕੀ ਹੈ ਬੀਤ
ਵੱਸ ਤੋਂ ਦੂਰ ਨਸਾਈ,
'ਭਲਕ' ਅਜੇ ਹੈ ਦੂਰ
ਨਹੀਂ ਵਿਚ ਹੱਥਾਂ ਆਈ,
'ਅੱਜ' ਅਸਾਡੇ ਕੋਲ
ਵਿੱਚ ਪਰ ਫਿਕਰਾਂ ਲਾਈ,
'ਕੱਲ' 'ਭਲਕ' ਨੂੰ ਸੋਚ
'ਅੱਜ' ਇਹ ਮੁਫ਼ਤ ਗੁਆਈ।

ਹੇ! ਸੰਭਲ ਸੰਭਾਲ ਇਸ ਅੱਜ ਨੂੰ,
ਇਹ ਬੀਤੇ 'ਮਹਾਂ-ਰਸ' ਪੀਂਦਿਆਂ,
'ਹਰਿ-ਰਸ' ਵਿਚ ਮੱਤੇ, ਖੀਵਿਆਂ
'ਹਰਿਰੰਗ', 'ਹਰਿਕੀਰਤ' ਚਉਂਦਿਆਂ। ੨.

***

# ਸਮਾਂ

ਰਹੀ ਵਾਸਤੇ ਘੱਤ
'ਸਮੇਂ' ਨੇ ਇੱਕ ਨ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ,
ਤ੍ਰਿੱਖੇ ਅਪਣੇ ਵੇਗ
ਗਿਆ ਟਪ ਬੰਨੇ ਬੰਨੀ,—

ਹੋ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫ਼ਲ ਉਡੰਦਾ ਜਾਂਵਦਾ;
ਇਹ ਠਹਿਰਨ ਜਾਚ ਨ ਜਾਣਦਾ,
ਲੰਘ ਗਿਆ ਨ ਮੁੜਕੇ ਆਂਵਦਾ। ੩.

* * *

# ਮਹਿੰਦੀ ਦੇ ਬੂਟੇ ਕੋਲ

ਮਹਿੰਦੀਏ ਨੀ ਰੰਗ ਰੱਤੀਏ ਨੀ!
ਕਾਹਨੂੰ ਰਖਿਆ ਈ ਰੰਗ ਲੁਕਾ ਸਹੀਏ!

ਹੱਥ ਰੰਗ ਸਾਡੇ ਸ਼ਰਮਾਕਲੇ ਨੀ
ਵੰਨੀ ਅੱਜ ਸੁਹਾਗ ਦੀ ਲਾ ਲਈਏ,

ਗਿੱਧੇ ਮਾਰਦੇ ਸਾਂ ਜਿਨ੍ਹਾਂ ਨਾਲ ਹੱਥਾਂ
ਰੰਗ ਰੱਤੜੇ ਦੇ ਗਲੇ ਪਾ ਦੇਈਏ,-

ਗਲ ਪਾ ਗਲਵੱਕੜੀ ਖੁਹਲੀਏ ਨਾ,
ਰੰਗ ਲਾ ਰੰਗ-ਰੱਤੜੇ ਸਦਾ ਰਹੀਏ। ੪.

***

# ਅਣਡਿੱਠਾ ਰਸ-ਦਾਤਾ

ਬੁੱਲ੍ਹਾਂ ਅਧਖੁੱਲ੍ਹਿਆਂ ਨੂੰ? ਹਾਇ
ਮੇਰੇ ਬੁੱਲ੍ਹਾਂ ਅਧਮੀਟਿਆਂ ਨੂੰ
ਛੁਹ ਗਿਆ ਨੀ, ਲਗ ਗਿਆ ਨੀ,-
ਕੌਣ, ਕੁਛ ਲਾ ਗਿਆ?
ਸ੍ਵਾਦ ਨੀ ਅਗੰਮੀ ਆਇਆ
ਰਸ ਝਰਨਾਟ ਛਿੜੀ,
ਲੂੰ ਲੂੰ ਲਹਿਰ ਉੱਠਿਆ
ਤਾਂ ਕਾਂਬਾ ਮਿੱਠਾ ਆ ਗਿਆ।
ਹੋਈ ਹਾਂ ਸੁਆਦ ਸਾਰੀ,
ਆਪੇ ਤੋਂ ਮੈਂ ਆਪ ਵਾਰੀ,-
ਐਸੀ ਰਸਭਰੀ ਹੋਈ
ਸ੍ਵਾਦ ਸਾਰੇ ਧਾ ਗਿਆ।

ਹਾਏ, ਦਾਤਾ ਦਿੱਸਿਆ ਨਾ
ਸ੍ਵਾਦ ਜਿਨ੍ਹੇ ਦਿੱਤਾ ਐਸਾ,
ਦੇਂਦਾ ਰਸ-ਦਾਨ ਦਾਤਾ
ਆਪਾ ਕਿਉਂ ਲੁਕਾ ਗਿਆ? ੫.

***




www.sikhbookclub.com

# ਤ੍ਰੇਲ ਦਾ ਤੁਪਕਾ

ਮੋਤੀ ਵਾਂਙੂ ਡਲ੍ਹਕਦਾ
ਤੁਪਕਾ ਇਹ ਜੋ ਤ੍ਰੇਲ
ਗੋਦੀ ਬੈਠ ਗੁਲਾਬ ਦੀ
ਹਸ ਹਸ ਕਰਦਾ ਕੇਲ;
ਵਾਸੀ ਦੇਸ ਅਰੂਪ ਦਾ
ਕਰਦਾ ਪਜਾਰ ਅਪਾਰ,
ਰੂਪਵਾਨ ਹੈ ਹੋ ਗਿਆ
ਪਜਾਰੀ ਗੋਦ ਵਿਚਾਲ।
ਅਰਸ਼ੀ ਕਿਰਨ ਇਕ ਆਵਸੀ,
ਲੈਸੀ ਏਸ ਲੁਕਾਇ,
ਝੋਕਾ ਮਤ ਕੁਈ ਪੌਣ ਦਾ
ਦੇਵੇ ਧਰਤਿ ਗਿਰਾਇ।
**ਨਿੱਤ ਪਜਾਰ ਖਿਚ ਲਜਾਂਵਦਾ**
**ਕਰੇ ਅਰੂਪੋਂ ਰੂਪ**
**ਅਰਸ਼ੀ ਪ੍ਰੀਤਮ ਹੈ ਕੁਈ**
**ਨਿਤ ਫਿਰ ਕਰੇ ਅਰੂਪ। ੬.**

* * *

# ਗ੍ਯਾਨ—ਅਗ੍ਯਾਨ

ਕੁਛ ਜਾਣਿਆ ਆਖਿਆ ਜਾਣ ਲੀਤਾ,
ਕੋਈ ਨਾਉਂ ਬੀ ਆਪ ਬਣਾ ਲਿੱਤਾ,
ਧ੍ਯਾਨ ਓਸਦੇ ਵਿੱਚ ਨਾ ਰਤੀ ਰਹਿਆ,
ਆਲੇ ਭੁੱਲ ਦੇ ਵਿੱਚ ਟਿਕਾ ਦਿੱਤਾ,
ਜਦੋਂ ਬਹਿਸ ਹੋਵੇ, ਹਿਕੇ ਕਥਾ ਕਰਨੀ,
ਤਦੋਂ ਗ੍ਯਾਨ ਦਾ ਢੋਲ ਵਜਾ ਦਿੱਤਾ:
ਏਸ ਗ੍ਯਾਨ ਨਾਲੋਂ ਅਗਿਆਨ ਚੰਗਾ,
ਲਗਾਤਾਰ ਜੇ ਧ੍ਯਾਨ ਲਗਾ ਲਿੱਤਾ।
ਕੁਛ ਜਾਣਿਆ ਕੇ ਕੁਛ ਜਾਣਿਆਂ ਨਾ,
ਨਾਉਂ ਧਰਨ ਦੀ ਜਾਚ ਨਾ ਰਤੀ ਆਈ,
ਕਰ ਲਿਆ ਪ੍ਰਤੀਤ ਪਰ ਅੰਦ੍ਰਲੇ ਨੇ
ਏਥੇ 'ਅਸਲ' ਹੈ ਅਸਲ, ਇਕ ਅਸਲ ਭਾਈ!
ਏਸ 'ਅਸਲ' 'ਅਨੰਤ' ਵਲ ਲੌ ਲੱਗੀ,
ਧ੍ਯਾਨ ਲਗਾਤਾਰ ਏਸ ਵਲ ਧਾਇਆ ਈ,
ਗ੍ਯਾਨ ਵਾਰ ਸੁੱਟੇ ਇਸ ਅਗ੍ਯਾਨ ਉੱਤੋਂ
ਇਹ ਅਗ੍ਯਾਨ ਹੀ ਅਸਾਂ ਨੂੰ ਭਾਇਆ ਈ। ੧.

❋ ❋ ❋

# ਵਲਵਲਾ

ਜਿਨ੍ਹਾਂ ਉਚਜਾਈਆਂ ਉਤੋਂ
'ਬੁੱਧੀ' ਖੰਭ ਸਾੜ ਢੱਠੀ.
ਮੱਲੋ ਮੱਲੀ ਓਥੇ ਦਿਲ
ਮਾਰਦਾ ਉਡਾਰੀਆਂ;

ਪਜਾਲੇ ਅਣਡਿੱਠੇ ਨਾਲ
ਬੁੱਲ੍ਹ ਲਗ ਜਾਣ ਓਥੇ
ਰੱਸ ਤੇ ਸਰੂਰ ਚੜ੍ਹੇ,
ਝੂੰਮਾਂ ਆਉਣ ਪਜਾਰੀਆਂ,

'ਗਜਾਨੀ' ਸਾਨੂੰ ਹੋੜਦਾ ਤੇ
"ਵਹਿਮੀ ਢੋਲਾ" ਆਖਦਾ ਏ:
"ਮਾਰੇ ਗਏ ਜਿਨ੍ਹਾਂ ਲਾਈਆਂ
ਬੁੱਧੋਂ ਪਾਰ ਤਾਰੀਆਂ।"

"ਬੈਠ ਵੇ ਗਿਆਨੀ! ਬੁੱਧੀ-
ਮੰਡਲੇ ਦੀ ਕੈਦ ਵਿਚ,
'ਵਲਵਲੇ ਦੇ ਦੇਸ਼' ਸਾਡੀਆਂ
ਲੱਗ ਗਈਆਂ ਯਾਰੀਆਂ।" ੯.

***

# ਰਸ-ਰੱਤਿਆ ਦੀ ਖੋਜ

ਸਾਨੂੰ ਰਮਜ਼ ਮਿਲੀ ਸਰਕਾਰੋਂ,
ਇਕ ਸੈਨਤ ਧੁਰ ਸਰਕਾਰੋਂ-
ਇਕ ਸੈਨਤ ਧੁਰ ਦਰਬਾਰੋਂ,
ਇਕ ਭੇਤ ਧੁਰੋਂ ਦਰਬਾਰੋਂ।
ਇਸ ਸੈਨਤ ਸੋਝੀ ਪਾਈ,
ਇਸ ਸੋਝੀ ਨੇ ਹਸ਼ ਗੁਆਈ,
ਇਕ ਲਟਕ ਬਿਹੋਸ਼ੀ ਦੀ ਲਾਈ,
ਇਕ ਮਟਕ ਉਡਾਰੀ ਦੀ ਆਈ,
ਇਕ ਝੂੰਮ ਛਿੜੀ ਰਸਭਿੰਨੀ,
ਇਕ ਖਿਰਨ ਛਿੜੀ ਰੰਗ ਵੰਨੀ,
ਇਕ ਝਰਨ ਝਰਨ ਝਰਨਾਈ,
ਕੁਛ ਥਰਰ ਥਰਰ ਥਰਰਾਈ,
ਜਿਵੇਂ ਠਾਠ-ਤਰਬ* ਥਰਰਾਂਦਾ,
ਰਸ ਭਰਿਆ ਰਸ ਬਣ ਜਾਂਦਾ।
ਵੇ ਮੈਂ ਕਮਲੀ ਕਮਲੀ ਹੋਈ,
ਜਿਉਂ ਤਰਬ ਕੰਬਦੀ ਕੋਈ।

*ਸਤਾਰ ਸਾਰੰਗੀ ਆਦਿਕ ਸਾਜ਼ਾਂ ਦੀਆਂ ਤਰਬਾਂ (ਤਾਰਾਂ) ਦਾ ਠਾਠ।

ਕੋਈ ਪੁੱਛੇ ਤਾਂ ਤਾਰ ਕੀ ਬੋਲੇ,
ਦਿਲ ਭੇਤ ਨੂੰ ਤਾਰ ਕੀ ਖੋਲ੍ਹੇ?
ਓਹ ਤੇ ਥਰਰ ਥਰਰ ਥਰਤਾਂਦੀ,
ਰਸ ਹੋ ਰਸ ਬਲ ਰਸਾਂਦੀ।

ਵੋ ਜੋ ਰੂਪ ਰਾਗ ਦਾ ਹੋਏ,
ਮੀਂਡ ਵਾਂਗ ਓ ਖਿੱਚ ਖਿਚੋਏ।
ਪੰਛੀ-ਮਾਰਗ ਦੀ ਕੀ ਵੇ ਨਿਸ਼ਾਨੀ?
ਰਸ-ਰਤਿਆਂ ਦੀ ਖੋਜ ਮੁਕਾਨੀ। ੯.

* * *

## ਮੋੜ ਨੈਣਾਂ ਦੀ ਵਾਗ ਵੇ!

ਟੇਕ ਮੋੜ ਨੈਣਾਂ ਦੀ ਵਾਗ ਵੇ,
ਮਨ ਮੋੜ ਨੈਣਾਂ ਦੀ ਵਾਗ॥

ਏਹ ਹਰਿਆਰੇ ਫਸ ਫਸ ਜਾਂਦੇ
ਰੂਪ ਫਬਨ ਦੇ ਬਾਗ਼ ਵੇ,
ਮੁੜ ਘਰ ਆਵਣ ਜਾਚ ਨ ਜਾਣਨ
ਮਿੱਠੇ ਮਖ ਦੇ ਵਾਂਗ ਵੇ,
ਨੈਣ ਨੈਣਾਂ ਵਿਚ ਘੁਲ ਮਿਲ ਜਾਂਦੇ
ਚਾਨਣ ਜਿਉਂ ਦੁ-ਚਰਾਗ਼ ਵੇ,
ਠਗ ਇਕ ਨੈਣ ਵਸਣ ਉਸ ਉਪਬਨ
ਨੈਣ ਜਿਵੇਂ ਠਗ ਨਾਗ ਵੇ,-

ਭਲੇ ਨੈਣ ਤੇਰੇ ਜੇ ਆਏ,
ਇਨ੍ਹ ਨੈਣਾਂ ਦੇ ਲਾਗ ਵੇ,
ਘੇਰ ਨੈਣਾਂ ਦੀ ਨੈਣ ਫਸਣਗੇ
ਨੈਂ ਨ ਸਕਣ ਏ ਝਾਗ ਵੇ,
ਨੈਣ ਨੈਣਾਂ ਵਿਚ ਫਸੇ ਨ ਨਿਕਲੇ
ਨੈਣ ਨੈਣਾਂ ਦਾ ਰਾਗ ਵੇ।
ਮੋਹੇ ਨੈਣ ਮੋਹਿੰਦੇ ਦਿਲ ਨੂੰ
ਲਾਣ ਪ੍ਰੀਤ ਦਾ ਦਾਗ਼ ਵੇ,
ਦਾਗ਼ੇ ਗਏ ਸੁ ਮੁੜਨ ਨ ਪਿੱਛੇ
ਸਿਰ ਦੇ ਖੇਲਣ ਫਾਗ ਵੇ:
ਜੇ ਵੇ ਮਨਾਂ ਤੈਨੂੰ ਲੋੜ ਆਪਣੀ
ਮੋੜ ਨੈਣਾਂ ਦੀ ਵਾਗ ਵੇ!
ਜੋ ਛਬੀਆਂ ਤੋਂ ਅੰਮ੍ਰਿਤ ਖਿੱਚੇਂ
ਸਿੰਚੇਂ ਆਤਮ ਬਾਗ਼ ਵੇ,
ਖਿੜਿਆ ਦੇਖੇਂ ਅੰਮ੍ਰਿਤ ਸਾਰੇ
ਖਿਰਿਆ ਸੀਸ ਸੁਹਾਗ ਵੇ,
ਖੁੱਲ੍ਹੇ ਛਡਦੇ ਨੈਣ ਮਨਾਂ ਤੂੰ
ਮੋੜ ਨ ਨੈਣਾਂ ਵਾਗ ਵੇ:
(ਫਿਰ) ਮੋੜ ਨ ਨੈਣਾਂ ਵਾਗ ਵੇ! ੧੦.

***

ਐਤਕੀਂ

# ਗੁਲਦਾਊਦੀਆਂ ਨਹੀਂ ਆਈਆਂ?

ਪ੍ਰਸ਼ਨ-

ਛੱਤ-ਬਗੀਚੇ ਐਸ ਸਾਲ ਹਨ
ਸੁੰਞਾਂ ਕਿਉਂ ਵਰਤਾਈਆਂ?
ਗੁਲਦਾਊਦੀਆਂ ਅੱਗੇ ਵਾਂਙੂ
ਕਿਉਂ ਏਥੇ ਨਹੀਂ ਆਈਆਂ?

ਉੱਤਰ-

ਗੁਲਦਾਊਦੀਆਂ ਸਹੀਆਂ ਸਾਡੀਆਂ
ਅਰਸ਼ੋਂ ਸਨ ਟੁਰ ਆਈਆਂ,
ਰਸਤੇ-ਮਾਰ ਇੰਦ੍ਰ ਨੇ ਰਸਤੇ
ਸੁਹਣੀਆਂ ਰੋਕ ਰਹਾਈਆਂ।
ਬੱਦਲ ਭੇਜ ਕਟਕ ਦੇ ਉਸਨੇ
ਸੜਕਾਂ ਸੱਭ ਰੁਕਾਈਆਂ,
ਬਿੱਜਲੀਆਂ ਦੇ ਮਾਰ ਕੜਾਕੇ
ਸੁਹਣੀਆਂ ਸਹਿਮ ਡਰਾਈਆਂ,
ਮੁਹਲੇ ਧਾਰ ਵਰ੍ਹਾਈ, ਬਰਖਾ
ਅਰਸ਼ਾਂ ਨੀਰ ਭਰਾਈਆਂ,
ਧਰਤੀ ਤੇ ਜਲ ਥਲ ਕਰ ਦਿੱਤੇ
ਬੂਟੀਆਂ ਮਾਰ ਸੁਕਾਈਆਂ,-

ਸੁਹਣੀਆਂ ਗੁਲਦਾਊਦੀਆਂ ਸਾਡੀਆਂ
ਇੰਦਰ ਬੰਨ੍ਹ ਖੜਾਈਆਂ,
ਸੁਰਗ ਪੁਰੀ ਵਿਚ ਇੰਦਰ ਭਾਵੇਂ
ਅਪਣੇ ਬਾਗ ਲਗਾਈਆਂ:
ਐਸ ਸਾਲ ਪਰ ਧਰਤੀ ਉਤੇ
ਸੁਹਣੀਆਂ ਹਨ ਨਹੀਂ ਆਈਆਂ,
ਸੁੰਞਾਂ ਅੱਜ ਬਗ਼ੀਚੇ ਸਾਡੇ
ਇੰਦਰ ਨੇ ਵਰਤਾਈਆਂ।੧੧.

* * *

## ਉਡੀਕ

ਆਖ ਗਿਆ ਢੋਲਾ ਲੌਢੇ ਪਹਿਰ ਆਸਾਂ,
ਲੌਢਾ-ਪਹਿਰ ਆਇਆ, ਢੋਲਾ ਨਹੀਂ ਆਇਆ!
ਆਖ ਘੱਲਿਓ ਸੂ ਸੰਝਾਂ ਪਈ ਆਸਾਂ
ਸੰਝਾਂ ਸਮਾਂ ਆਇਆ, ਢੋਲਾ ਨਹੀਂ ਆਇਆ।
ਗਿਣਤੀ ਗਿਣਦਿਆਂ ਨੂੰ ਰਾਤ ਬੀਤ ਲੱਥੀ,
ਬੱਗਾ ਦੇਹੁੰ ਆਇਆ, ਢੋਲਾ ਨਹੀਂ ਆਇਆ!
ਬੱਦਲ ਮੁਲਖਾਂ ਦੇ ਜੁੜੇ ਮੀਂਹ ਆਣ ਲੱਥੇ,
ਅਜੇ ਨਹੀਂ ਆਇਆ, ਢੋਲਾ ਨਹੀਂ ਆਇਆ!੧੨.

* * *

# ਕਮਲ ਗੋਦੀ ਵਿਚ ਤ੍ਰੇਲ ਮੋਤੀ

ਕਮਲ ਪੱਤ ਤੇ ਪਿਆ ਹਾਂ ਮੈਂ ਹਾਂ ਮੋਤੀ ਤ੍ਰੇਲ
ਝੂੰਮਾਂ ਜੀਕੂੰ ਨੀਰ ਤੇ ਪੱਤਾ ਕਰਦਾ ਕੇਲ,-
ਸੂਰਜ ਰਿਸ਼ਮ ਪੁਰੋਤੜਾ ਹੇਠਾਂ ਉਤਰਜਾ ਆਣ,
ਸੋਨੇ ਤਾਰ ਪੁਰੋਤੜੇ ਮੋਤੀ ਵਾਂਙੂੰ ਜਾਣ,
ਡਲ੍ਹਕਾਂ 'ਗੋਦੀ-ਕਮਲ' ਮੈਂ ਚਮਕਾਂ ਤੇ ਥਰਰਾਉਂ,
ਜੀਕੂੰ ਖਿੜੀ ਸਵੇਰ ਦੀ ਕਿਰਨ ਦਏ ਲਹਿਰਾਉ।
ਭਾਗ ਭਰੇ ਜਿਸ ਹੱਥ ਨੇ ਪਲਮਾਇਆ ਮੈਂ ਹੇਠ,
ਸਭ ਨੂਰਾਂ ਦਾ ਹੱਥ ਉਹ ਕਾਦਰ, ਮਾਲਕ, ਸੇਠ,
ਉਹੋ ਸੁਹਾਵਾ ਹੱਥ ਹੈ ਸ਼ਾਹ ਮੇਰੇ ਦਾ ਹੱਥ?
ਸਾਰੇ ਹੱਥ ਉਸ ਹੱਥ ਦੇ ਰਹਿੰਦੇ ਹੇਠਾਂ ਹੱਥ;
ਕਮਲ ਗੋਦ ਅਜ ਖੇਡਦਾ ਰਖਿਆ ਮੈਂ ਉਸ ਹੱਥ,
ਕਲ ਪਰ ਗੋਦੀ ਓਸਦੀ ਖੇਡਾਂਗਾ ਛਡ ਵਿੱਥ:
ਘੱਲੇ, ਸੱਦੇ ਪਾਤਸ਼ਾਹ, ਏਥੇ ਓਥੇ ਆਪ,-
ਅਮਰ ਖੇਡ ਮੈਂ ਓਸਦੀ ਖੇਡ ਖਿਡਾਵੇ ਬਾਪ। ੧੩.

***

## ਨਾ ਹੋਇ ਉਹਲੇ

ਲੱਗੇ ਪਜਾਰ ਤਾਂ ਪਜਾਰੜਾ ਪਾਸ ਵੱਸੇ,
ਕਦੇ ਅੱਖੀਆਂ ਤੋਂ ਨਾ ਹੋਇ ਉਹਲੇ,
ਕਦੇ ਅੱਖੀਆਂ ਤੋਂ ਜੇ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਨਾ ਹੋਇ ਉਹਲੇ,
ਸੂਰਤ ਓਸਦੀ ਦਿਲੋਂ ਜੇ ਹੋਇ ਉਹਲੇ,
ਨਾਮ ਜੀਭ ਉਤੋਂ ਨਾ ਹੋਇ ਉਹਲੇ,
ਨਾਮ ਜੀਭ ਤੋਂ ਕਦੇ ਜਿ ਹੋਇ ਉਹਲੇ,
ਸੁਰਤ ਦੇਹ ਤੋਂ, ਸ਼ਾਲਾ! ਤਦ ਹੋਇ ਉਹਲੇ। ੧੪.

***

## ਦਰ ਢੱਠਿਆਂ ਦੀ ਕਦਰ

ਦਰ ਢੱਠਿਆਂ ਦੇ ਗੁਣਾਂ ਦੀ
ਕਦਰ ਨ ਪੈਂਦੀ ਯਾਰ:
ਗਲੇ ਪਏ ਫੁਲ-ਹਾਰ ਦੀ
ਭਾਸੇ ਨਾ ਮਹਿਕਾਰ। ੧੫.

***

# ਚਲੋ ਚਲੀ ਦੀ ਸੱਦ

ਪੋਹ ਮਹੀਨੇ ਦੇ ਕੁਮਲਾਏ ਤੇ ਸੁੱਕੇ ਟਾਹਲੀ ਦੇ ਪੱਤੇ
ਤਿੱਖੀ ਚਲ ਰਹੀ ਪੱਛੋਂ ਦੀ ਪੌਣ ਨੂੰ:-

ਡਾਢੇ ਵੇਗ ਦੀ ਵਗਦੀਏ ਪੌਣ ਭੈਣੇ!
ਸਾਡੀ ਧੌਣ ਕਿਉਂ ਭੰਨਦੀ ਜਾਂਵਨੀਏਂ?
'ਪਾਲੇ-ਮਾਰਿਆਂ' 'ਮਾਊਂ ਗਲ ਲੱਗਿਆਂ' ਨੂੰ
ਡਾਲੋਂ ਤੋੜ ਕਿਉਂ ਭੋਇੰ ਪਟਕਾਵਨੀਏਂ?
ਤੇਰੇ, ਦੱਸ, ਕੀ ਅਸਾਂ ਨੇ ਮਾਂਹ ਮਾਰੇ?
ਸਾਡੇ ਆਹੂ ਦੇ ਆਹੂ ਪਈ ਲਾਹਵਨੀਏਂ?
ਸਾਇੰ ਸਾਇੰ ਕਰਦਾ ਪੱਤ ਪੱਤ ਡਿੱਗੇ
ਰਤਾ ਮਿਹਰ ਨਾ ਰਿਦੇ ਤੂੰ ਲਜਾਵਨੀਏਂ।

ਪੌਣ ਦਾ ਉੱਤਰ:-

'ਚਲੋ ਚਲੀ' ਦੀ ਸੱਦ ਪਈ ਗੂੰਜਦੀਏ,
ਕੁਦਰਤ 'ਚਲੋ' ਦੀ ਧੁੰਮ ਮਚਾਂਵਦੀਏ,
'ਤੁਰੀ ਚਲੋ, ਨਹੀਂ ਠਹਿਰਨਾ ਕਿਸੇ ਕਿਧਰੇ'
ਕੂਕ ਅਰਸ਼ ਦੀ ਪਈ ਕੂਕਾਂਵਦੀਏ,
ਲੱਖਾਂ ਵਿਚ ਉਡੀਕ ਦੇ ਖੜੇ ਪਿੱਛੇ
ਵਾਰੀ ਉਨ੍ਹਾਂ ਨੂੰ ਧੱਕੀ ਲਿਆਂਵਦੀਏ।
ਤੁਸੀਂ ਤੁਰੋ ਅੱਗੇ ਟਾਹਲੀ ਪੱਤਿਓ ਵੇ!
ਪਿਛੋਂ ਫੌਜ ਪਈ ਹੋਰ ਦਬਾਂਵਦੀਏ।

ਕਰੋ ਥਾਂਉਂ ਖਾਲੀ, ਤੁਸੀਂ ਵਧੋ ਅੱਗੇ,
'ਚਲੋ ਚਲੀ' ਧੁਰ ਤੋਂ ਚਲੀ ਆਂਵਦੀਏ।

ਮੇਰੇ ਮਾਂਹ ਨਾ ਤੁਸਾਂ ਨੇ ਕੋਈ ਮਾਰੇ,
ਵੈਰ ਪੌਣ ਨਾ ਕੋਈ ਕਮਾਂਵਦੀਏ।

ਏਥੇ ਅਜ਼ਲ ਦਾ ਹੁਕਮ ਤੇ ਰਾਹ ਏਹੋ,-
ਠਹਿਰਨ ਕੁਦਰਤ ਨੂੰ ਨਹੀਂ ਸੁਖਾਂਵਦੀਏ।

ਟੁਰੀ ਚੱਲਣਾ, ਚੱਲਣਾ ਹੋਰ ਥਾਵੇਂ,
ਜਿਥੇ ਕੁਦਰਤ ਪਈ ਕਿਸੇ ਲਿਜਾਂਵਦੀਏ।

ਜਿਥੇ ਖੜੇ ਹਾਂ ਹੋਰਨਾਂ ਥਾਉਂ ਦੇਣੀ,
ਵੇਖੋ, ਪੌਣ ਬੀ ਆਪ ਚਲ ਜਾਂਵਦੀਏ।

ਤੁਸੀਂ ਸਦਾ ਤੋਂ ਏਸ ਥਾਂ ਨਹੀਂ ਲੱਗੇ,
ਵਾਰੀ ਕਦੇ ਤੁਸਾਂ ਏਥੇ ਲਜਾਂਵਦੀਏ,

ਤੁਹਾਥੋਂ ਅਗਲਿਆਂ ਨੂੰ ਤੁਸਾਂ ਟੋਰਿਆ ਸੀ
ਵਾਰੀ ਤੁਹਾਨੂੰ ਹੁਣ ਪਈ ਟੁਰਾਂਵਦੀਏ

ਵਾਰੀ ਲਜਾਂਵਦੀ ਪਈ ਹੈ ਹੋਰਨਾਂ ਨੂੰ
ਤੁਹਾਡੀ ਥਾਉਂ ਤੇ ਨਵੇਂ ਪੁੰਗ੍ਰਾਂਵਦੀਏ। ੧੬.

***

# ਢੋਲਾ ਰੁੱਸ ਕੇ ਨਾ ਜਾ!

ਵੇ ਨ ਰੁੱਸ ਕੇ ਰੁੱਸ ਕੇ ਜਾਹ ਢੋਲਾ,
ਅਵੇ, ਹੱਸਨਾ ਹੱਸਨਾ ਆ ਢੋਲਾ!

ਮੁੜ ਆ, ਮੁੜ ਆ, ਮੁੜ ਆ ਢੋਲਾ!
ਗਲ ਲਾ, ਗਲ ਲਾ, ਗਲ ਲਾ ਢੋਲਾ!

ਮੂੰਹ ਦੱਸ, ਨਾ ਕੰਡ ਦਿਖਾ ਢੋਲਾ,
ਕੰਡ ਦੱਸ ਨ, ਕੰਡ ਲੁਕਾ ਢੋਲਾ!

ਲੜ ਲਾਈ ਦੀ ਲਾਜ ਨਿਬਾਹ ਢੋਲਾ
ਭੁੱਲਾਂ ਸਾਡੀਆਂ ਨਾਹ ਤਕਾ ਢੋਲਾ!

ਦਿਲ ਖੱਸ ਕੇ ਨੱਸ ਨ ਜਾਹ ਢੋਲਾ,
ਖਿੱਧੂ ਵਾਂਙ ਨ ਏ ਬੁੜ੍ਹਕਾ ਢੋਲਾ;

ਤੇਰਾ ਮਾਲ ਏ ਹੋ ਚੁਕਾ ਢੋਲਾ,
ਅਪਣਾ ਮਾਲ ਨ ਆਪ ਵੰਞਾ ਢੋਲਾ!

ਸਾਡਾ ਵਸਲ ਦਾ ਚਾ ਅਮਾ ਢੋਲਾ,
ਸਜਰੇ ਚਾ ਨੂੰ ਦਾਗ਼ ਨ ਲਾ ਢੋਲਾ!

ਹੱਥ ਜੋੜਕੇ ਰਹੀਆਂ ਮਨਾ ਢੋਲਾ,
ਗਲ ਪੱਲੜੂ ਤੇ ਮੂੰਹ ਘਾ ਢੋਲਾ!

ਮੁੜ ਆ, ਮੁੜ ਆ, ਮੁੜ ਆ ਢੋਲਾ,
ਸਾਨੂੰ ਸੱਟ ਕੇ ਪਰੇ ਨ ਜਾ ਢੋਲਾ!

ਬਰਦੀ ਤੇਰੀਆਂ, ਰੁਠ ਨ ਜਾ ਢੋਲਾ,
ਬਾਂਦੀ ਤੇਰੀਆਂ, ਤ੍ਰੁੱਠ ਕੇ ਆ ਢੋਲਾ!

ਫੜਿਆ ਪੱਲੜੂ ਨਾਹ ਛੁਡਾ ਢੋਲਾ,
ਪਾਇਆ ਵਾਸਤਾ ਮੰਨ ਮਨਾ ਢੋਲਾ!

ਕਮਲੀ ਰਮਲੀ ਦੇ ਸੁਹਣਿਆਂ! ਆ ਢੋਲਾ,
ਹੋ ਜੁਦਾ ਨ, ਅਪਣੀ ਬਣਾ ਢੋਲਾ! ੧੭.

❋ ❋ ❋

# ਹਉਂ ਤੇ ਸੱਚ ਮੁੱਚ

ਭੁੰਜੇ ਆਕੜ ਟੁਰਦਿਆ!
ਨਾ ਸਮਝੀਂ ਮੈਂ ਉੱਚਾ:

ਤੂੰ ਉੱਚਾ ਨਹੀਂ ਸੁਹਣਿਆਂ,
ਤੂੰ ਚੁੱਚਾ ਜਾਂ ਲੁੱਚਾ।

ਛੱਤ ਉਤੇ ਚੜ੍ਹ ਬੈਠਿਆ!
ਨਾ ਸਮਝੀਂ ਮੈਂ ਨ ਉੱਚਾ

ਤੂੰ ਉੱਚੇ ਤੋਂ ਉੱਚਾ ਪਜਾਰੇ,
ਤੂੰ ਸੁੱਚੇ ਤੋਂ ਸੁੱਚਾ।੧੮.

***

# ਵਰਜਿਤ ਵਾੜੀ

ਖਿੜੇ ਚਮਨ ਵਿਚ ਆਕੇ ਡਿੱਠਾ:
ਵੰਨੋ ਵੰਨੀ ਰੰਗ ਰੰਗਾ,
ਜੋਬਨ ਭਰੇ ਫੁੱਲ ਪਏ ਝੂੰਮਣ
ਡਾਲੀ ਪੱਤੇ ਰੂਪ ਲਗਾ।
ਤੱਕ ਤੱਕ ਅਖ ਮੋਹਿਤ ਹੁੰਦੀ,
ਮਨ ਪਿਆ ਪੈਂਦਾ ਲੋਭ ਲੁਭਾ।
ਜਫੀਆਂ ਪਾਂਦੀ ਪੌਣ ਪਿਆਰੀ
ਆ ਆ ਲਗਦੀ ਕਰੇ ਸੁਹਾਂ।
ਮੱਲੋ ਮੱਲੀ ਹੱਥ ਵਧੇਂਦੇ
ਕਹਿੰਦੇ: 'ਲਈਏ ਫੁੱਲ ਤੁੜਾ'।
ਪਰ ਜਦ ਹੱਥ ਫੁੱਲ ਨੂੰ ਲਗਦੇ
ਤੋੜਦਿਆਂ ਹੋ ਜਾਣ ਸੁਆਹ।
ਜਿਸ ਫੁੱਲ ਨੂੰ ਚਾ ਛੋਹੋ ਰੱਤੀ
ਛੁਹੰਦਿਆਂ ਸਾਰ ਜਾਇ ਭਸਮਾ।

ਫਿਰ ਦੇਖੇ ਬੂਟੇ ਫਲ ਵਾਲੇ
ਨਾਲ ਫਲਾਂ ਦੇ ਭਰੇ ਭਰਾ।
ਪਜਾਰੇ ਸੁਹਣੇ ਤੇ ਮਨਮੁਹਣੇ
ਦੇਖਦਿਆਂ ਚਿਤ ਲੈਣ ਚੁਰਾ,
ਪਰ ਜਦ ਤੋੜੋ ਰਾਖ ਹੋਂਵਦੇ,
ਅਚਰਜ, ਕੀ ਅਚਰਜ ਇਸ ਥਾਂ?
ਇੱਕ ਪੁਰਾਣੇ ਬੁੱਢੇ ਪਿੱਪਲ
ਹੱਸ ਕਿਹਾ: 'ਨਾ ਸੋਚ, ਕਰਾ
'ਤੋੜਨ ਹੁਕਮ ਨਹੀਂ ਇਸ ਜਾਗਾ
ਦੇਖਣ ਦੀ ਇਕ ਖੁੱਲ੍ਹ ਭਰਾ!
'ਜਾਦੂਗਰ ਇਕ ਮਾਲੀ ਇਸਦਾ
ਜਾਦੂ ਦਿੱਤਾ ਬਾਗ਼ ਬਣਾ,
'ਦਿੱਸੇ, ਸੋਹੇ, ਮਨ ਨੂੰ ਮੋਹੇ,
ਦਏ ਤਰਾਵਤ ਨਾਲ ਸੁਹਾਂ,
'ਪਰ ਅੱਖਾਂ ਦਾ ਭੋਗ ਬਾਗ਼ ਏ,
ਭੋਗਣ ਦੀ ਏ ਨਾਂਹੀ ਥਾਂ,
'ਦੇਖੀਂ ਤੇ ਖੁਸ਼ ਹੋਵੀਂ ਵੀਰਾ!
ਖਿੜੀਂ, ਟਿਕੀਂ, ਰੰਗ ਲਈ ਜਮਾ,

'ਪਰ ਜੇ ਹੱਥ' ਲੈਣ ਨੂੰ ਪਸਰੇ
ਸੁੰਦਰਤਾ ਜਾਸੀ ਬਿਲਮਾ.
'ਰਾਖ ਰਹੇਗੀ ਮੁੱਠ ਅੰਦਰੇ,
ਦਿਲ ਅਰਮਾਨ ਭਰੇ ਭਰ ਆ।
'ਹਾਂਡ ਹਾਂਡ' ਹਥ ਝਾੜ ਤੁਰੇਂਗਾ,
ਹਰੇ ਜੁਾਰੀਏ ਵਾਂਙ ਭਰਾ।

'ਅੱਖੀਂ ਨਾਲ ਪਿਆ ਰਸ ਪੀਵੀਂ
ਤ੍ਰਿਸ਼ਨਾ ਹੋਰ ਵਿਸਾਰੀਂ ਚਾ,
'ਤਦ ਸਾਬਤ ਲਾਹੇ ਵਿਚ ਜਾਸੇਂ,
ਨਹੀਂ ਤਾਂ ਜਾਸੇਂ ਆਪ ਖੁੰਝਾ।' ੧੯.

# ਬੁੱਲ੍ਹ

ਪ੍ਰੀਤਮ-ਕਿਉਂ ਤੱਕਨਾ ਏਂ ਬੁੱਲ੍ਹ ਵੇ?
ਪ੍ਰੇਮੀ-ਮਿਸਰੀ ਮਿੱਠੀ ਜਾਨ।
ਪ੍ਰੀਤਮ-ਤਾਂ ਤੂੰ ਚਸਕੇ ਮਾਰਿਆ,
ਰਸੀਆ ਨਹੀਂ ਸੁਜਾਨ।
ਪ੍ਰੀਤਮ-ਕਿਉਂ ਤੱਕਨਾ ਏਂ ਬੁੱਲ੍ਹ ਵੇ?
ਪ੍ਰੇਮੀ-ਏ ਯਾਕੂਤਾਂ ਖਾਨ।
ਪ੍ਰੀਤਮ-ਤਾਂ ਤੂੰ ਲੱਬੀ ਲੋਭੀਆ,
ਰਸੀਆ ਨਹੀਂ ਸੁਜਾਨ।
ਪ੍ਰੇਮੀ-ਮੈਂ ਭੌਰਾ ਰਸਮੱਤਿਆ,
ਰੱਤਾ ਰੂਪ ਚਕੋਰ,-
ਕੀ ਤੱਕਾਂ, ਦੱਸ ਏਸ ਥਾਂ,
ਖਿੜਜਾ ਰੰਗ ਕੁਛ ਹੋਰ?
ਪ੍ਰੀਤਮ-ਮਿਸਰੀ ਨਾ ਯਾਕੂਤ ਵੇ,
ਰੂਪ ਮਿਠਾਸ ਨ ਜਾਣ,-

ਏ ਤਾਂ ਬੁਲਬੁਲ ਬੁਲ੍ਹ ਵੇ,
ਸੰਗੀਤਕ ਅਸਥਾਨ।
ਖੁੱਲਣ, ਮਿਟਨ ਕਿ ਮੁਸਕਰਿਨ
ਸੰਗੀਤ ਲਹਿਰ ਲਹਿਰਾਨ,
ਥਰਰਾਹਟ ਸੰਗੀਤ ਦੀ
ਉਪਜੇ ਇਸ ਅਸਥਾਨ।੨੦.

***

## ਆਪੇ ਦਾ ਕਾਦਰ

ਰਸ ਜਦ ਆਣ ਤਣਾਵਾਂ ਪਾਵੇ
ਦਿਲ ਖਿੱਚੀ ਲਈ ਜਾਵੇ,
ਸੁਾਦ ਸੁਾਦ ਦਿਲ ਚੜ੍ਹਦਾ ਜਾਵੇ
ਅੰਗ ਅੰਗ ਰਸ ਮਾਵੇ:
ਹੱਦ ਪਾਪ ਦੀ ਕੰਧ ਨ ਬੰਨਾ
ਜੋ ਨਿੱਗਰ ਦਿਸ ਆਵੇ,
ਦਿਲ ਦੀ ਸਮਝ ਇਕ ਹੈ ਜਾਣੂ
ਜੋ ਸਭ ਫਰਕ ਕਰਾਵੇ।

ਓਹ ਦਿਲ ਹੈ ਹੁਣ ਰਸ ਵਿਚ ਮੱਤਾ
ਤਿਲਕੰਦੜਾ ਜੇ ਜਾਵੇ,
ਸੋ ਤਿਲਕਣ ਦਾ ਪਤਾ ਨ ਲੱਗੇ
ਰਸ ਇਉਂ ਮਹਿਵ ਕਰਾਵੇ:
ਰਸ ਲੈਂਦਾ ਵਿਚ ਰਸ ਦੇ ਖਰਚਦਾ
ਤਿਲਕ ਮਲਕੜੇ ਜਾਵੇ,-
ਔਖੀ ਪਲ ਤਿਲਕਣ ਦੀ ਇਹ ਹੈ
ਜੋ ਕਾਬੂ ਨਹੀਂ ਆਵੇ।

ਇਸ ਪਲ ਤੇ ਜੋ ਕਾਬੂ ਪਾਵੇ
ਆਪਾ ਫ਼ਤਹ ਕਰਾਵੇ,
ਆਪੇ ਦਾ ਕਾਦਰ ਏ 'ਰਸੀਆ'
ਕੁਦਰਤ ਰਾਜ ਕਮਾਵੇ। ੨੧.

***

# ਧੋਬੀ

ਧੋਬੀ ਕਪੜੇ ਧੋਂਦਿਆ,
ਵੀਰਾ, ਹੋ ਹੁਸ਼ਿਆਰ!
ਪਿਛਲੇ ਪਾਸਜੋਂ ਆ ਰਿਹਾ
ਮੂੰਹ ਅੱਡੀ ਸੰਸਾਰ। ੨੨.

***

# ਮੀਂਹ ਮੇਹਰ

ਕੋਈ ਆਖਦੇ ਮੀਂਹ ਵਿਚ ਵਰ੍ਹਨ ਮੁਹਲੇ,
ਕੋਈ ਆਖਦੇ ਵੱਸਦੇ ਸ੍ਵਾਨ ਬਿੱਲੇ
ਕੋਈ ਆਖਦੇ ਵਰ੍ਹੇ ਗੁਲਾਬ ਚੰਬਾ
ਕੋਈ ਆਖਦਾ ਕਣਕ ਤੇ ਵਰ੍ਹਨ ਛੋਲੇ,
ਕੋਈ ਧਰਤ ਅਸਮਾਨ ਦਾ ਵਜਾਹ ਦੱਸੇ,
ਬੱਦਲ ਬੋਲਦਾ ਗਾਉਂਦਾ ਕਹਿਨ ਸੁਹਲੇ:
ਐਪਰ ਪ੍ਰੀਤਮ ਜੀ ਆਖਦੇ 'ਮੇਰ੍ਹ' ਵਰਦੀ,
ਮਿਹਰ 'ਮੀਂਹ' ਉਹਦੀ, ਮੀਂਹ 'ਮੇਰ੍ਹ' ਬੋਲੇ। ੨੩.

***

# ਇਕ ਵੈਰਾਨ ਬਾਗ

ਮੰਦਰ ਸੁਹਣਾ ਬਾਗ ਸੁਹਾਵਾ
ਤਾਲ ਠੰਢਕਾਂ ਵਾਲਾ;
ਸਭ ਕੁਝ ਓਸੇ ਤਰ੍ਹਾਂ ਓਸ ਥਾਂ
ਉਹੋ ਰੰਗ ਰਸਾਲਾ.

ਖਿੜਿਆ ਚਮਨ ਫੁੱਲ ਹਨ ਮੁਸ਼ਕੇ,
ਫਲ ਫਲੀਆਂ ਭਰ ਆਈਆਂ।
ਵੇਲਾਂ ਲਪਟ ਜਾਲੀਆਂ ਉਤੇ,
ਰਵਸ਼ਾਂ ਛਾਉਂ ਸੁਹਾਈਆਂ।

ਮਾਲੀ, ਕਾਮੇ, ਊਠ ਬਲਦ ਪਏ
ਅਪਣੇ ਕੰਮ ਕਰਾਂਦੇ।
ਆਡਾਂ ਵਗਣ ਸਫ਼ਾਈਆਂ ਦਿੱਸਣ,
ਪਰ, ਜੰਦਰੇ ਦਿਸ ਆਂਦੇ।

ਹਾਂ, ਪੰਛੀ ਨਹੀਂ ਡਾਲ ਕਿਸੇ ਤੇ,
ਸ਼ਾਖਾਂ ਸੱਭੇ ਖਾਲੀ।
ਸ੍ਰੋਵਰ ਤੇ ਕੁਈ ਹੰਸ ਨ ਦਿਸਦਾ,
ਫਿਰ ਫਿਰ ਸਭ ਥਾਂ ਭਾਲੀ।

ਨਾ ਕੁਈ ਗਾਲਾ ਕੀਰਤਨ ਕਰਦਾ,
ਸਾਜ਼ ਨ ਕੋਈ ਬੋਲੇ,
ਨਾ ਮੁਖੜਾ ਕੁਈ ਕਥਾ ਸੁਣਾਂਦਾ,
ਨਾ ਦਿਲ ਤਕੜੀ ਤੋਲੇ।
ਨੈਣ ਭਰੇ ਰਸ ਰੰਗ ਰੱਬ ਦੇ,
ਪਜਾਰ ਹੰਝੂਆਂ ਵਾਲੇ।
ਦਿਸਦੇ ਨਹੀਂ ਗੁਰੂ ਦੇ ਕਮਰੇ
ਗੁਰੂ ਗ੍ਰੰਥ ਦੇ ਦੁਆਲੇ।
ਰਮਜ਼ਾਂ ਵਾਲੇ ਯਾ ਸਮਾਧਿ ਵਿਚ
ਜੁੜੇ ਨੈਣ ਮਤਵਾਲੇ,
ਕਿਸੇ ਨੁੱਕਰੇ ਖੂੰਜੇ ਕਿਧਰੇ
ਮਿਲਣ ਨ ਢੂੰਡਿਆਂ ਭਾਲੇ।
ਛੈਲ ਬੰਦਗੀ ਵਾਲਾ ਬਾਂਕਾ
ਨਜ਼ਰ ਨ ਕਿਧਰੇ ਆਵੇ,
ਹਾਂ, ਤਸਵੀਰ ਛੈਲ ਦੀ ਲਟਕੇ
ਕੰਧਾਂ ਪਈ ਸਜਾਵੇ।੨੪.

***

# ਸ਼੍ਰੀ ਦਰਬਾਰ ਸਾਹਿਬ

[ਹਰਿਮੰਦਰ, ਅੰਮ੍ਰਿਤਸਰ]

ਮਣੀ ਗੁਆਚਿਆਂ ਸੱਪ ਜਿਉਂ ਦੁਖ ਪਾਂਵਦਾ,
ਪੁੱਤ ਗੁਆਚਿਆਂ ਮਾਂ ਜਗ ਨਹੀਂ ਭਾਂਵਦਾ,

ਹਰਿ ਰਸ ਦੀ ਜਦ ਟੋਟ ਪਵੇ ਫ਼ਕੀਰ ਨੂੰ
ਪਰਲੋ ਮਚੇ ਚੁਫ਼ੇਰ ਤਿਉਂ ਘਬਰਾਂਵਦਾ,-

ਟੁੱਟੀ ਡੋਰ ਜਿ ਦ੍ਵਾਰ ਤੇਰੇ ਆਂਵਦਾ,
ਲਹਿਰ ਫਿਰੇ ਇਕ ਵਾਰ ਰੌ ਮੁੜ ਧਾਂਵਦਾ

ਕੀਹ ਅਗੰਮੀ ਖੇਡ ਏਥੇ ਲਹਿਰਦੀ?
ਅਰਸ਼ ਉਤਰਿਆਆਨ ਰਸੀਆਂ ਬਚਾਂਵਦਾ? ੨੫.

***

# ਪੱਥਰ—ਸ਼ੀਸ਼ਾ—ਹੀਰਾ

ਮੈਂ ਪੱਥਰ ਸੁਖ ਨੀਂਦੇ ਸੁੱਤਾ,
ਵਿਚ ਸੁਫ਼ਨੇ ਕੁਈ ਸੁਣਾਵੇ:
ਬਣ ਹੀਰਾ, ਕਰ ਦੂਰ ਹਨੇਰਾ,
ਤੈਨੂੰ ਚਾਨਣ ਆ ਗਲ ਲਾਵੇ।
ਆਪਾ ਪੀਹ, ਅੱਗ ਤਾਪ ਸਹਿ,
ਬਣ ਸ਼ੀਸ਼ਾ ਨੂਰ ਮੈਂ ਪਾਇਆ:
ਹੁਣ ਲੋਚਾਂ ਮੈਂ ਹੀਰਾ ਬਣਨਾ,
ਜੋ ਜ਼ਰਬ ਨ ਕੋਈ ਆਵੇ। ੨੯.

❋❋❋

# ਜ਼ੀਨਤ ਬੇਗਮ

ਸੁਹਣੇ ਸੁਹਣੇ ਮਹਿਲ ਅਸਾਡੇ
ਦੇਖਣ ਆਈਓ ਸਹੀਓ!
ਇਕ ਤੋਂ ਇਕ ਚੜ੍ਹੰਦੇ ਨਕਸ਼ੇ
ਦੇਖ ਦੇਖ ਰਜ ਰਹੀਓ,
ਪਰ ਇਕ ਨਕਸ਼ ਗੁਪਤ ਏਨ੍ਹਾਂ ਵਿਚ
ਹਰ ਨੁਕਤੇ ਵਿਚ ਲਿਖਿਆ,
ਪੜ੍ਹੇ ਬਾਝ ਉਸ ਨਕਸ਼ ਅਟੱਲਵੇਂ,
ਸਹੀਓ ਨਾ ਮੁੜ ਜਈਓ।
ਏ ਨਕਸ਼ੇ ਨੱਕਾਸ਼ ਰੰਗੀਲਾ
ਜਦ ਸੀ ਜਾਂਦਾ ਪਾਂਦਾ
ਨਾਲੋ ਨਾਲ ਗ਼ੈਬ ਤੋਂ ਕੋਈ,
ਗੁਪਤ ਨਕਸ਼ ਇਕ ਵਾਂਹਦਾ।
ਉਹ ਸੀ ਨਕਸ਼ 'ਵਿਛੋੜਾ' ਸਹੀਓ!
ਅਸਾਂ ਨਿਖੁਟਿਆਂ ਪੜ੍ਹਿਆ,
ਕਾਸ਼! ਕਦੇ ਇਹ ਨਕਸ਼ ਮੇਰਾ ਉਹ
ਜ਼ਾਲਮ ਬੀ ਪੜ੍ਹ ਲੈਂਦਾ। ੨੭.

❄❄❄

# ਸਾਈਂ ਲਈ ਤੜਪ

'ਤੜਪ-ਗੋਪੀਆਂ' ਕ੍ਰਿਸ਼ਨ ਮਗਰ ਜੋ
ਲੋਕੀਂ ਪਏ ਸੁਣਾਵਨ,
'ਲੁੱਛਣ-ਸੱਸੀ' ਪੁੰਨੂੰ ਪਿੱਛੇ
ਜੋ ਥਲ ਤੜਫ਼ ਦਿਖਾਵਨ,
ਰਾਂਝੇ ਮਗਰ ਹੀਰ ਦੀ ਘਾਬਰ,
ਮਜਨੂੰ ਦਾ ਸੁਕ ਜਾਣਾ,-
ਏ ਨਹੀਂ 'ਮੋਹ-ਨਜ਼ਾਰੇ' ਦਿਸਦੇ,
ਏ ਕੁਈ ਰਮਜ਼ ਛਿਪਾਵਨ।

ਹੇ ਅਰੂਪ! ਇਹ ਤੜਪ ਉਹੋ ਨਹੀਂ,
ਧੁਰੋਂ ਤੁਸਾਂ ਜੋ ਲਾਈ?
ਕੀ ਇਹ ਚਿਣੰਗ ਨਹੀਂ ਉਹ, ਜਿਹੜੀ
ਤੁਸਾਂ ਸੀਨਿਆਂ ਪਾਈ?
ਮਿਲਣ ਤੁਸਾਨੂੰ ਦੀ ਏ ਲੋਚਾ,
ਏ ਹੈ ਤੜਪ ਤੁਸਾਡੀ,-
ਜਿੱਥੇ ਰਮਜ਼ ਪਵੇ ਕੁਈ ਕਟਕੀ,
ਏ ਕਮਲੀ ਹੋ ਜਾਈ। ੨੮.

***

# ਭੰਬੀਰੀ

ਮੈਂ ਸੁੰਡੀ ਸਾਂ ਭੁੰਞੇ ਰੁਲਦੀ
ਕੀੜਜੋਂ ਵੱਧ ਨਿਕਾਰੀ,
ਮੈਨੂੰ ਗਜਾਤ ਫੁਰੀ: 'ਹਾਂ ਮੈਂ ਭੀ
ਜੋਤ ਸੁੰਦਰਤਾ ਸਾਰੀ,
'ਏਸ ਖੁਸ਼ੀ ਬੇਹੋਸ਼ ਹੋ ਗਈ,
ਮੁੜੀ ਹੋਸ਼ ਕੀ ਵੇਖਾਂ?
'ਨਿਕਲ ਪਏ ਪਰ ਮੀਂਨਾਕਾਰੀ,
ਵਾਸ ਫੁੱਲਾਂ ਦੀ ਵਾੜੀ!' ੨੯.

❄ ❄ ❄

# ਫੁੱਲ

ਕੱਲ੍ਹ ਡਿੱਠਾ ਮੈਂ ਫੁੱਲ ਬਨਫ਼ਸ਼ਾ,
ਉਸ ਲੜ ਹਕੀਮ ਦਾ ਫੜਿਆ,

ਆਖੇ: 'ਸਾਨੂੰ ਦੇਸ਼ ਹੁਸਨ ਤੋਂ
ਦਸ ਕਿਉਂ ਤੂੰ ਨਿਤ ਫੜ ਖੜਿਆ?

'ਭੇਂਵੇਂ, ਮਲੇਂ, ਬਨਾਵੇਂ ਕਾਹੜੇ,
ਸਭ ਮਾਰ ਸੁੰਦਰਤਾ ਸੱਟੇਂ!

'ਹੁਸਨਾਂ ਦੇ ਸੁਲਤਾਨ ਸ਼ਾਹ ਤੋਂ
ਉਇ ਕਿਉਂ ਤੂੰ ਕਦੇ ਨ ਡਰਿਆ?' ੩੦.

* * *

# ਅੰਦਰ ਦੀ ਟੇਕ

ਸਿਕ ਸਿਕ, ਰੋ ਰੋ, ਢੂੰਡ ਢੂੰਡ ਕੇ
ਮਜਨੂੰ ਉਮਰ ਗੁਆਈ,
ਪਰ ਪੰਘਰ ਨਾ ਖਾਧੀ ਲੇਲੀ
ਧਾ ਉਸ ਪਾਸ ਨ ਆਈ।

ਅੰਤ ਹਾਰ ਕੇ ਬਹਿ ਗਿਆ ਮਜਨੂੰ
'ਲੇਲੀ' 'ਲੇਲੀ' ਜਪਦਾ,
ਲਿਵ ਲੇਲੀ ਵਿਚ ਲਗ ਗਈ ਅੰਦਰ,
ਅੰਦਰ ਲੇਲੀ ਆਈ।

ਲੇਲੀ ਬੀ ਹੁਣ ਖਿੱਚ ਖਾਇਕੇ,
ਮਜਨੂੰ ਲਭਦੀ ਆਈ,
'ਮੈਂ ਲੇਲੀ' ਲੇਲੀ ਪਈ ਕੂਕੇ,
ਮਜਨੂੰ ਸਜਾਣ ਨ ਕਾਈ।

'ਮੈਂ ਲੇਲੀ' 'ਮੈਂ ਲੇਲੀ' ਕੂਕੇ,
ਮਜਨੂੰ ਲੇਲੀ ਹੋਇਆ।
ਆਪੇ ਪ੍ਰੀਤਮ ਬਨ ਗਿਆ ਪ੍ਰੇਮੀ,
ਟੇਕ ਜਾਂ ਅੰਦਰ ਪਈ। ੩੧.

***

# ਗੁਲਾਬ ਦਾ ਫੁਲ

ਖੇੜੇ ਖਿੜਕੇ ਆਖਦਾ ਹੈ: -

ਧਰਤੀ ਗੋਦ ਬਨਾਇ
ਮੈਂ ਇਸ ਵਿਚ ਖੇਡਿਆ,
ਮਿੱਟੀ ਜੜ੍ਹਾਂ ਗਡਾਇ
ਮੈਂ ਭੋਜਨ ਖਿੱਚਿਆ,
ਰਜ ਰਜ ਪੀਤਾ ਨੀਰ
ਮੈਂ ਆਡੋਂ ਵਗਦੀਓਂ,
ਹੋਯਾ ਮੈਂ ਨਮਗੀਰ
ਤੇ ਤ੍ਰੇਲਾਂ ਚੱਖੀਆਂ,
ਬੱਦਲ ਅਰਸ਼ੋਂ ਸੱਦ
ਮੈਂ ਪਾਣੀ ਖਿੱਚਿਆ,
ਨ੍ਹਾਤਾ ਮੈਂ ਰੱਜ ਰੱਜ
ਤੇ ਨ੍ਹਾ ਨ੍ਹਾ ਨਿਖਰਿਆ,
ਸੂਰਜ ਪਾਸੋਂ ਧੂਹ
ਮੈਂ ਕਿਰਨਾਂ ਲੀਤੀਆਂ,
ਨਿੱਘੀ ਕੀਤੀ ਰੂਹ
ਮੈਂ ਵਧਿਆ ਮੌਲਿਆ,

ਚਾਨਣ ਤੇ ਨਿਘ ਕੱਢ
ਮੈਂ ਲੀਤਾ ਧੁੱਪ ਤੋਂ,
ਲਈ ਆਪ ਵਿਚ ਗੱਡ
ਓ ਮਾਨੋਂ ਧੁੱਪ ਮੈਂ,
ਤਾਣ ਚਾਂਦਨੀ ਸ਼ਾਲ
ਮੈਂ ਸੁੱਤਾ ਰਾਤ ਨੂੰ,
ਡਲ੍ਹਕ ਤਾਰਿਆਂ ਨਾਲ
ਮੈਂ ਲਈਆਂ ਲੋਰੀਆਂ,
ਨ੍ਹੇਰਾ ਲਿਆ ਬਿਠਾਲ
ਮੈਂ ਪਹਿਰੇਦਾਰ ਸੀ,
ਕੁਈ ਨ ਦੇਇ ਉਠਾਲ
ਮੈਂ ਰਾਤੀਂ ਸੁੱਤਿਆਂ;
ਜੋ ਕੁਛ ਮੇਰੇ ਹਾਲ
ਸੀ ਮੈਨੂੰ ਸੌਂਜਿਆ,
ਆਪੇ ਵਿਚ ਬਿਠਾਲਿ
ਮੈਂ ਆਪਾ ਪਾਲਿਆ,
ਪਲ ਪਲ ਰੰਗ ਜਮਾਇ
ਮੈਂ ਭਰੀਆਂ ਡੋਡੀਆਂ,
ਡੋਡੀਆਂ ਖੇੜੇ ਲਜਾਇ
ਮੈਂ ਸਾਰਾ ਖਿੜ ਪਿਆ,-

ਮਹਿਕਜਾ ਮਸ਼ਕ ਮਚਾਇ
ਤੇ ਲਪਟਾਂ ਛਡੀਆਂ.

ਹਾਂ, ਹੁਣ ਜਦ ਲਪਟ ਬੁਹਾਇ
ਮੈਂ ਡੁਲ੍ਹ ਡੁਲ੍ਹ ਪੈ ਰਿਹਾ,-
ਖੇੜਿਆਂ ਨਾਲ ਭਰਾਂਅ
ਮੈਂ ਝੋਲੀਜਾਂ ਅੱਡੀਆਂ,
ਅਣਹੋਂਦਾ ਆਪ ਵੰਡਾਇ
ਮੈਂ ਵੰਡਿਆ ਜਾ ਰਿਹਾ।

----

'ਦੇਣਾ' ਬਣਦਾ ਰੂਪ ਹੈ 'ਖੇੜੇ ਖਿੜ ਪਿਆਂ',
'ਦੇਣਾਂ' ਰੰਗ ਅਨੂਪ ਹੈ ਚੜ੍ਹਦਾ ਮੁਸ਼ਕਿਆਂ। ੩੨.

* * *

# ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ

[ਇਕ 'ਨੈਣ-ਪਿੰਜਰੇ' ਫਸੇ ਸਾਧੂ ਦੀ
ਅਰਜ਼ੋਈ]

ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ,
ਟੁਰੇ ਜਾਂਦੇ ਨੂੰ ਬੰਨ੍ਹ ਬਹਾ ਲਿਆ,
ਬਿਨਾਂ ਸੰਗਲਾਂ ਕੱਸ ਕਸਾ ਲਿਆ,
ਬਿਨਾਂ ਦੰਮਾਂ ਦੇ ਬਰਦਾ ਬਣਾ ਲਿਆ,

ਕਿੱਥੇ ਅਰਸ਼ਾਂ ਦਾ ਗਿਆ ਤਕਾਵਣਾ ਓ,
ਕਿੱਥੇ ਸਾਈਂ ਦਰ ਨਜ਼ਰ ਜਮਾਵਣਾ ਓ,-
ਨਜ਼ਰ ਮੇਲਣੀ ਨਾ ਨਾਲ ਖਾਕੀਆਂ ਦੇ,
ਟਕ ਬੰਨ੍ਹਣੀ ਨੂਰੀਆਂ ਝਾਕੀਆਂ ਤੇ।
ਹਾਇ ਭੁੱਲ ਏ ਨੈਣ ਤਕਾ ਬੈਠੇ,
ਝਾਕੇ ਪਹਿਲੜੇ ਖੰਭ ਖੁਹਾ ਬੈਠੇ!

ਜਾਦੂਗਰੀ ਕੀਤੀ ਏਨ੍ਹਾਂ ਅੱਖੀਆਂ ਨੇ,
ਮਾਰ ਘੱਤਿਆ ਸਾਂਭ ਕੇ ਰੱਖੀਆਂ ਨੇ!
ਇਨ੍ਹਾਂ ਨੈਣਾਂ ਨੇ ਪੂਰਾਂ ਦੇ ਪੂਰ ਲਾਹੇ,
ਜੋਧੇ ਬਲੀ ਵਰਿਯਾਮ ਤੇ ਸੂਰ ਫਾਹੇ,
ਖੰਭ ਸੜੇ ਪਤੰਗਿਆਂ ਵਾਂਗ ਬਿਸਮਲ,
ਪਏ ਖਿਚ ਖਾਵਣ, ਤੜਫਣ ਹਨ ਤਿਲਮਿਲ।

ਮੈਂ ਬੀ ਮਾਰਿਆ ਇਕ ਮੱਟਕੜੇ ਨੇ,
ਕਰ ਕੈਦ ਲੀਤਾ ਜੱਫੇ ਤੱਕੜੇ ਨੇ।
ਕੋਈ ਕਰੇ ਕਾਰੀ ਸਾਡੀ ਆਣ ਲੋਕੋ!
ਕੋਈ ਰੱਬ ਪਜਾਰੇ ਆ ਬਚਾਣ ਲੋਕੋ!
ਤਾਨ ਅਸਾਂ ਵਿਚ ਰਹੀ ਨ ਸ਼ਾਨ ਲੋਕੋ!
ਫਾਥੇ ਪਿੰਜਰੇ ਆਣ ਛੁਡਾਣ ਲੋਕੋ!
ਕਰੇ ਬਾਹੁੜੀ ਰੱਬ ਜੇ ਆਪ ਲੋਕੋ!
ਵਿੱਸ ਚੜ੍ਹੀ ਦਾ ਝੜੇ ਏ ਤਾਪ, ਲੋਕੋ!
ਜੇ ਮੈਂ ਆਪਣੇ ਆਪ ਤੇ ਆਸ ਕੀਤੀ।
ਅਪਣੇ ਬਚਨ ਦੀ ਆਸ ਫਿਰ ਨਾਸ ਕੀਤੀ।
ਜਾਦੂਗਰੀ ਨੇ ਜਿਨ੍ਹਾਂ ਨੂੰ ਮਾਰਿਆ ਹੈ,
ਧੁਰੋਂ ਕ੍ਰਾਮਤ ਨੇ ਉਨ੍ਹਾਂ ਨੂੰ ਤਾਰਿਆ ਹੈ।

ਤੂੰ ਸੱਤਾਰ ਗ਼ੁਫ਼ਾਰ ਹੇ ਰੱਬ ਸਾਈਂ!
'ਸਾਂਤੇ ਕਰਮ ਕਰੀਓ ਮੇਹਰ ਨਜ਼ਰ ਪਾਈਂ,-
ਰੱਖ ਲਓ ਸਾਨੂੰ ਏਹਨਾਂ ਅੱਖੀਆਂ ਤੋਂ,
ਮਾਰਨ ਵਾਸਤੇ ਸਾਧਾਂ ਨੂੰ ਰੱਖੀਆਂ ਜੋ,
ਬੇੜਾ ਕਰੇ ਸਾਡਾ ਆਪ ਪਾਰ ਸਾਈਂ!
ਰੂਪ, ਰੰਗ, ਮਟੱਕਿਓਂ ਤਾਰ ਸਾਈਂ! ੩੩.

***

# ਅਟਕ

।ਅਟਕ ਦਰਯਾ ਉੱਤੇ ਪ੍ਰਸ਼ਨ ਤੇ
ਅਗੋਂ ਉਸਦਾ ਉੱਤਰ।

ਪ੍ਰਸ਼ਨ-
ਜੁਗਾਂ ਤੋਂ ਤੂੰ ਆਵੇਂ ਜਾਵੇਂ,
ਤਿੱਖਾ ਤਿੱਖਾ ਟੁਰਜਾ ਜਾਵੇਂ,
ਪਲ ਛਿਨ ਠਹਿਰੇਂ ਨਾਂਹੀ,
ਲਗਾਤਾਰ ਚਾਲ ਪਈ।

ਅਟਕ ਹੈ ਨਾਮ ਤੇਰਾ
ਅਟਕਜਾ ਕਦੇ ਡਿੱਠਾ ਨਾ,
ਅਟਕਾਯਾ ਕਿਸੇ ਕੋਲੋਂ ਤੂੰ
ਅਟਕਜਾ ਕਦੇ ਹੈ ਨਹੀਂ।

ਪੱਛੋਂ ਵੱਲੋਂ ਤੁਰੇ ਆਏ
ਜੁਵਾਨਿਆਂ ਦੇ ਦਲੋ ਦਲ,
ਮੂੰਹ ਚੱਕ ਪਾਰ ਆਏ,
ਪੇਸ਼ ਤੇਰੀ ਨਹੀਂ ਗਈ।
ਅਟਕ ਕੋਈ ਪਾਈ ਨਾ
ਜ਼ਾਲਮ ਅਟਕਾਏ ਨਾ,

ਫੇਰ 'ਅਟਕ' ਨਾਉਂ ਤੇਰਾ,
ਗਲ ਦੱਸ ਕੀ ਹਈ?੧

ਉੱਤਰ (ਅਟਕ ਵਲੋਂ)-

ਅਟਕਣਾ ਨ ਕੰਮ ਮੇਰਾ,
ਅਟਕਿਆ ਸੋ ਮਾਰਿਆ,
ਅਟਕ ਨਾਮ ਮੌਤ ਦਾ ਹੈ,
ਕੋਈ ਅਟਕਦਾ ਨਹੀਂ।
ਤੇਰੇ ਵਿਚ ਤੁਰਿਆ ਜਾਵੇ,
ਸਾਰਾ ਜੱਗ ਦਿੱਸਦਾ ਜੋ,
ਤੁਰੇ ਰਹਿਣਾ, ਤੁਰੇ ਰਹਿਣਾ-
ਕਾਰ ਧੁਰੋਂ ਏ ਪਈ।
ਰੂਪ ਏਸ ਦਿੱਸਦੇ ਦਾ,
ਚੇਸ਼ਟਾ ਤੇ ਬਦਲਨਾ ਹੈ,
ਜਾਰੀ ਰਹਿਣਾ ਚੇਸ਼ਟਾ ਦਾ,
ਜਿੰਦ ਇਹਦੀ ਹੈ ਸਹੀ।
ਅਟਕ ਇਹ ਜਦੋਂ ਜਾਸੀ,
ਰੂਪ ਨਾਮ ਬਿਨਸ ਜਾਸੀ,
ਦ੍ਰਿਸ਼ਟਮਾਨ ਰਹੇ ਨਾਹੀਂ-
ਕਲਾ ਇਸਦੀ ਹੈ ਇਹੀ।੨

ਦੇਖ ਖਾਂ ਤੂੰ ਅੱਖ ਉਘਾੜ,
ਸੂਰਜ ਚੰਦ ਤਾਰੇ ਗ੍ਰੈਹ
ਲਗਾਤਾਰ ਤੁਰੇ ਜਾਣ,-
ਕਦੇ ਕੋਈ ਅਟਕਿਆ ਹੈ?
ਧਰਤੀ ਨਖ਼ਜੱਤ ਚਲੇ,
ਰੈਣ ਦਿਨ, ਬਨਸਪਤੀ,
ਜੀਵ, ਜੰਤੂ ਸੱਭ ਟੁਰੇ,-
ਅਟਕਜਾ ਸੋ ਫਟਕਜਾ ਹੈ।
ਉਮਰਾ ਹੈ ਤਾਂ ਤੁਰੀ ਜਾਏ,
ਕਾਲ ਹੈ ਤਾਂ ਲਗਾ ਜਾਏ,
ਜਿੰਦ ਹੈ ਤਾਂ ਚਲੀ ਚਲੇ,
ਕਦੇ ਕੌਣ ਹਟਕਜਾ ਹੈ?
ਦਿੱਸਦਾ ਸੰਸਾਰ ਸਾਰਾ,
ਸਦਾ ਸਦਾ ਟੁਰਨ ਹਾਰਾ,
ਅਟਕੇ ਜੇ ਇਹ ਨਜ਼ਾਰਾ,-
ਤਦੋਂ ਜਾਣ ਪਟਕਜਾ ਹੈ।੩
ਨਾਮ ਹੈ 'ਅਟਿਕ' ਮੇਰਾ,
'ਅਟਕ' ਹੈ ਭੁੱਲ ਤੁਹਾਡੀ,
ਅਟਕੇ ਬਿਨ ਟੁਰੀ ਜਾਣਾ,-
ਵਹਿਣ ਦਾ ਹੈ ਕੰਮ ਇਹੀ।

ਅਕਲ ਹੀਨ ਕਿਵੇਂ ਸਕੇ
ਅਕਲ ਵਾਲੇ ਅਟਕ ਪਾ!
ਅਟਕ ਪਾਉਣੀ ਆਦਮੀ ਨੂੰ
ਸਾਡੀ ਸਮਰੱਥ ਨਹੀਂ।
ਤੁਹਾਡੇ ਵਿਚ ਅਕਲ ਵੱਸੇ,
ਅਟਕ ਪਾਣੀ ਕੰਮ ਤੁਹਾਡਾ
'ਮੇਲ' ਬਲ, ਸਾਹਸ' ਦਾ
ਅਟਕ ਪਾਣਾ ਫਲ ਹਈ।
ਅਟਕ ਵਧਾਵਣੇ ਤੋਂ,
ਤੁਸੀਂ ਸਾਰੇ ਅਟਕ ਖਲੇ,
ਅਟਕਿਆ ਸੁ ਹਟਜਾ ਪਿੱਛੇ,
ਤਾਨ ਨਿੱਘਰਦੀ ਗਈ। ੪
ਅੱਗੇ ਨੂੰ ਜੋ ਤੁਰੇ ਨਾਂਹੀਂ,
ਪਿੱਛੇ ਉਸ ਤੋਰ ਪੈਣੀ,
ਅਟਕ ਕਿਸੇ ਥਾਵੇਂ ਨਾਹੀਂ
ਤੇ ਅਟਕ 'ਟਿਕਾ' ਨਹੀਂ।
ਅਟਕਣ ਨੂੰ ਅਰਾਮ ਜਾਣੇ
ਮਾਰਿਆ ਸੋ ਜਾਣ ਲੈਣਾ
ਅੱਗੇ ਅੱਗੇ ਟੁਰਜਾ ਜਾਵੇ
ਮਾਲੀ ਉਸ ਮਾਰ ਲਈ।

ਵਧਦੇ ਜੇ ਤੁਸੀ ਜਾਂਦੇ,
ਵਿਦਜਾ ਬਲ ਜ਼ੋਰ ਪਾਂਦੇ,
ਕਟਕਾਂ ਦੇ ਕਟਕ ਆਂਦੇ.
ਅਟਕ ਖਾ ਖਾ ਜਾਂਦੇ ਸਹੀ।

ਅਟਕੇ ਜਦ ਤੁਸੀਂ ਪਜਾਰੇ,
ਅਟਕਾਂ ਫੇਰ ਪਾਂਦਾ ਕੌਣ?
ਜਿੰਦ-ਹੀਨ ਨਦੀਆਂ ਪਾਸੋਂ
ਅਟਕੇ ਕਟਕ ਹਨ ਨਹੀਂ।੫

ਹੋ ਬੇਖਟਕ ਸੌਂਦੇ ਨਾ,
ਅਟਕ ਨਾ ਅਰਾਮ ਲੈਂਦੇ;
ਲਟਕ ਐਸ਼ ਲਾਂਦੇ ਨਾ,
'ਅਟਕ' ਕੌਣ ਤੋੜਦਾ?

ਕਟਕਾਂ ਦੇ ਕਟਕ ਆਂਦੇ,
ਤੁਸੀਂ ਉਠ ਅਟਕ ਪਾਂਦੇ,
ਇੱਕ-ਮੁਠ ਹਟਕ ਪਾਂਦੇ,
ਮੈਂ ਬੀ ਕੁਝ ਹੋੜਦਾ।

ਲਟਕਾਂ ਨੇਹੁੰ ਤੁਸਾਂ ਲਾਏ,
ਪਟਕ ਵੈਰੀ ਟੂਰੇ ਆਏ,
ਗਾਹਣ ਮੇਰੇ ਵਿਚ ਪਾਏ,
ਵਾਹ ਲਗੀ ਮੈਂ ਬੋੜਦਾ।

ਰੋੜ੍ਹੇ ਨੀ ਮੈਂ ਪੂਰਾਂ ਪੂਰ,
ਡੋਬੇ ਕੀਤੇ ਕਈ ਚੂਰ,-
ਅੱਗੋਂ ਭੰਨਦੇ ਤੁਸੀਂ ਮੂੰਹ
ਵੈਰੀ ਮੂੰਹ ਚਾ ਮੋੜਦਾ। ੬
ਦੋਸ਼ ਸਾਰਾ ਤੁਸਾਂ ਦਾ ਹੈ
ਅਟਕ ਜੋ ਗਏ ਸਾਜੇ,
'ਅਟਕ' ਨਾਮ ਤੁਹਾਡਾ ਹੈ,
ਅਟਕ ਮੇਰਾ ਨਾਮ ਨਾ।
ਅੱਗੇ ਜਿਹੜਾ ਵੱਧਦਾ ਨਾ
ਜਾਣੋਂ ਪਿੱਛੇ ਮੁੜ ਰਿਹਾ ਹੈ,
ਬੇੜੀ ਅਪਣੀ ਬੋੜਦਾ
ਤੇ ਰੋੜ੍ਹਦਾ ਹੈ ਨਾਮਨਾ।
ਸਦਾ ਸਦਾ ਵਧੀ ਜਾਏ,
ਕਿਤੇ ਨਾ ਅਟਕ ਪਾਏ,
ਤੁਰੀ ਜਾਏ, ਵਧੀ ਜਾਏ,
ਉਸ ਦੀ ਪੁੱਜੇ ਕਾਮਨਾ।
ਲਗਾਤਾਰ, ਸਹਿਜ ਸਹਿਜ,
ਹੋਸ਼, ਬੁੱਧਿ, ਧਰਮ ਨਾਲ,
ਮੇਲ, ਵਿਉਂਤ, ਜੁਗਤ ਚੱਲੇ,-
ਕੌਣ ਕਰੇ ਸੁ ਸਾਮਨਾ? ੭ ੩੪.

***

# ਮਰਦ ਦਾ ਕੁੱਤਾ

ਸੁਬਕ ਸੁਬਕ ਧਰ ਪੈਰ
ਕੁੱਤਾ ਸੀ ਇਕ ਜਾਂਵਦਾ,
ਕਿਤੇ ਕਿਤੇ ਪਲ ਠੈਰ੍ਹ
ਬੂਥੀ ਲਾ ਲਾ ਸੁੰਘਦਾ।
ਖੜ੍ਹ ਗਈ ਏਸੇ ਥਾਨ
ਰਾਹ ਜਾਂਦੀ ਇਕ ਸੁੰਦਰੀ,
ਹੋਇ ਰਹੀ ਹੈਰਾਨ
'ਕੌਤਕ-ਕੁੱਤਾ' ਵੇਖਕੇ।
ਦਾਨਾ ਇਕ ਸੁਜਾਨ
ਏਨੇ ਨੂੰ ਆ ਨਿਕਲਿਆ,-
'ਕੀ ਕਰਦਾ ਇਹ ਸ੍ਵਾਨ?'
ਕਾਰਣ ਉਸਨੂੰ ਪੁੱਛਦੀ।
'ਕੁੱਤਾ ਕਰੇ ਪਛਾਣ',
ਦਾਨੇ ਨੇ ਹੱਸ ਆਖਿਆ,
'ਕਿਤੇ ਪਿਆ ਪਕਵਾਨ
ਕੋਈ ਮੇਰੇ ਖਾਣ ਦਾ।'

ਕੁੱਤਾ ਸੁਣਕੇ ਤੱਕਿਆ,
ਬੋਲਜਾ ਢਾਕ ਮਰੋੜ,
'ਹੋਸ਼ ਕਰੀਂ ਓ ਦਾਨਿਆ!
ਮਨੋਂ ਉਕਤ ਨਾ ਜੋੜ:-
'ਲਾਲਚ ਬੱਧੇ ਆਦਮੀ
ਤ੍ਰਿਸ਼ਨਾ ਕੁੱਠੇ ਲੋਕ
'ਹਰ ਇਕ ਜਾਣਨ ਰੁੜ੍ਹ ਰਿਹਾ
ਲੋਭ ਲਹਿਰ ਦੀ ਝੋਕ।
'ਕੁੱਤਾ ਸਜਣਾਂ ਠੀਕ ਮੈਂ
ਨੀਵੀਂ ਹੈ ਮੈਂ ਜਾਤ,
'ਨੀਚ ਜਾਣ ਮੈਂ ਤੇ ਤੁਸਾਂ
ਨੀਵੀਂ ਮਾਰੀ ਝਾਤ,
'ਪਰ ਤੁਹਾਨੂੰ ਨਹੀਂ ਪਤਾ ਹੈ
ਸੰਗਤ ਮਰਦ ਸੁਜਾਨ
'ਦੀ ਮੈਂ ਕੀਤੀ ਚਿਰਾਂ ਤੋਂ
ਠਰਕੀ ਹੋ ਗਿਆਂ ਸ੍ਵਾਨ।
'ਸੁੰਘ ਨ ਰੋਟੀ ਮੈਂ ਰਿਹਾ,
ਬੋਟੀ ਦੀ ਨਹੀਂ ਝਾਕ,
'ਯਾਰੀ ਲੱਗੀ ਮਰਦ ਦੀ
ਉਸ ਦੀ ਹਰ ਥਾਂ ਤਾਕ।

'ਠਰਕ ਪ੍ਰੇਮ ਦਾ ਪੈ ਗਿਆ,-
ਪ੍ਰੇਮ-ਲਪਟ ਦੀ ਸਿੱਕ,
'ਮਰਦ-ਸੰਗ ਤੋਂ ਸਿੱਖਿਆ
ਗੁਣ ਮੈਂ ਵੱਡਾ ਇੱਕ।
'ਪ੍ਰੇਮ ਕਰਾਂ ਨਿਜ ਮਰਦ ਨੂੰ
ਤੱਕਾਂ ਸੁੰਞਾਂ ਪਜਾਰ,
'ਜਿੱਥੇ ਮੁਸ਼ਕ ਪਰੀਤ ਦੀ
ਓਥੋਂ ਮੈਂ ਬਲਿਹਾਰ।
'ਦੇਖੋ ਸੁੰਞੀ ਥਾਉਂ ਸਭ
ਤੁਸੀਂ ਪਈ ਹਰ ਓਰ,
'ਸੁੰਞੀ ਸਾਰੀ ਨਹੀਂ ਹੈ;
ਨਹੀਂ ਏ ਨਵੀਂ ਨਿਕੋਰ।
'ਨਜ਼ਰ ਚੱਕ ਖਾਂ ਦਾਨਿਆਂ!
ਝਾਤ ਪਿਛੇਰੇ ਮਾਰ,
'ਜਿਨ੍ਹਾਂ ਵਸਾਏ ਦੇਸ਼ ਸਨ,
ਕਿੱਥੇ ਹਨ ਓ ਯਾਰ ?
'ਤੁਰ ਤੁਰ ਗਈਆਂ ਖੂਹਣੀਆਂ,
ਕਦਮ ਕਦਮ ਕਰ ਵਾਸ,
'ਗਹਿਮਾ ਗਹਿਮ ਸੁ ਨਗਰੀਆਂ
ਵਸ ਵਸ ਹੋਈਆਂ ਨਾਸ਼।

'ਜੰਗਲ ਸਨ, ਫਿਰ ਹਲ ਫਿਰੇ,
ਸ਼ਹਿਰ ਬਣੇ ਫਿਰ ਆਨ।
'ਸ਼ਹਿਰ ਗਿਰੇ, ਫਿਰ ਹਲ ਫਿਰੇ
ਖੋਲੇ ਹੋ ਸੁਨਸਾਨ,
'ਕਈ ਵੇਰ ਇਉਂ ਦੌਰ ਹੈ,
ਪਰਤ ਚੁਕਾ ਇਸ ਥਾਉਂ,
'ਬਾਕੀ ਲਭਦਾ ਹੈ ਨਹੀਂ
ਪਤਾ ਨਿਸ਼ਾਨ ਕਿ ਨਾਉਂ।
'ਕਿਸੇ ਕਿਸੇ ਥਾਂ ਆਦਮੀ
ਕਦੇ ਗਏ ਹਨ ਬੈਠ,
'ਬੱਧੇ ਹਿਤ ਦੇ ਕਿਸੇ ਥਾਂ,
ਕਿਸੇ ਜਗਾ ਕਰ ਐਂਠ।
'ਕਿਤੇ ਜੋੜੀਆਂ ਸੁਹਣੀਆਂ,
ਕਿਤੇ ਗੁਟਕਦੇ ਯਾਰ,
'ਮਮਤਾ ਬੱਧੇ ਮਾਪੜੇ
ਖਿੱਚੇ ਕਿਤੇ ਪਿਆਰ।
'ਬੈਠ ਬੈਠ ਉਠ ਗਏ ਹਨ
ਸੁੰਞੇ ਕਰ ਅਸਥਾਨ,
'ਮੁੜਕੇ ਪਰਤੇ ਨਾ ਕਦੇ
ਗਏ ਨ ਛੱਡ ਨਿਸ਼ਾਨ।

'ਕਿਤੇ ਦਰਦ ਦੇ ਹੰਝੂ ਸਨ
ਕਿਰੇ ਕਲੇਜੇ ਠਾਰ,
'ਕਿਤੇ ਬਿਰਹੋਂ ਦੇ ਨੈਣ ਸਨ
ਵੱਸੇ ਮੋਲ੍ਹੇ-ਧਾਰ।
'ਕਿਤੇ ਸ਼ੁਕਰ ਤੇ ਭਗਤਿ ਦੇ
ਸ਼ਬਦਾਂ ਦੀ ਝੁਨਕਾਰ,
'ਕੀਰਤਿ ਹੋਈ ਸੋਹਿਣੀ
ਲਗੇ ਦਿਵਾਨ ਅਪਾਰ।
'ਵਿਛੁੜੇ-ਮਿਲਿਆਂ ਕਿਸੇ ਥਾਂ
ਨੈਣੀ ਨੈਣ ਮਿਲਾਇ,
'ਦੋ ਦੀਵਜਾਂ ਦੇ ਨੂਰ ਜਿਉਂ
ਇਕ ਹੋ ਰੰਗ ਜਮਾਇ।
'ਹੰਸਾਂ ਵਾਂਙੂੰ ਸੁਹਣਿਆਂ
ਕੇਲ ਕਰੇ ਕਿਸਿ ਥਾਉਂ,
'ਪੈਲਾਂ ਪਈਆਂ, ਰਸ ਮਿਲੇ
ਖਿੜੇ ਕਲੇਜੇ ਭਾਉ।
'ਜਿਸ ਜਿਸ ਥਾਵੇਂ ਪਜਾਰੂਏ
ਬੈਠ ਗਏ ਰੰਗ ਲਾਇ,
'ਓਥੇ ਓਥੇ ਅਜੇ ਤਕ
ਲਪਟ ਰਹੀ ਲਹਿਰਾਇ।

'ਮਾਣਨ ਹਾਰੇ ਤੁਰ ਗਏ
ਸਮੇਂ ਗਏ ਹਨ ਬੀਤ,
'ਪਰ ਲਪਟੀ ਹੈ ਦੇ ਰਹੀ
ਲਪਟ ਆਪਣੀ ਪ੍ਰੀਤ।

'ਸੁੱਚੀ ਪ੍ਰੀਤੀ ਦੇਂਵਦੀ
ਸਦਾ ਸਦਾ ਖੁਸ਼ਬੋਇ।
'ਨਾਮ ਧਰੀਕੀ ਪ੍ਰੀਤਿ ਦੀ
ਨਾਸ਼ਮਾਨ ਹੈ ਲੋਇ।

'ਪਜਾਰ-ਆਦਮੀ ਰਿਦੇ ਮੈਂ
ਡੂੰਘਾ ਲਿਆ ਵਸਾਇ,
'ਇਸਦੀ ਪਜਾਰ-ਸੁਗੰਧਿ ਦਾ
ਚਸਕਾ ਰਿਹਾ ਸਮਾਇ।
'ਜਿੱਥੇ ਕੋਈ ਪਜਾਰੂਆ
ਕਰ ਗਜਾ ਕਦੇ ਪਿਆਰ,
'ਓਥੋਂ ਮੈਨੂੰ ਸੁੰਘਿਆਂ
ਮਿਲਦੀ ਲਪਟ ਅਪਾਰ,
'ਏਸ ਲਈ ਮੈਂ ਅਞਕਦਾ
ਸੁੰਘਦਾ ਹਰ ਥਾਂ ਜਾਉਂ,
'ਹੋ ਵਰਤੇ ਮਤ ਪਜਾਰ ਦੀ
ਕਿਤੇ ਲਪਟ ਮੈਂ ਪਾਉਂ।

ਇਕ ਛਾਬੇ ਸਭ ਜਗ ਤੁਲੇ
ਦੂਜੇ 'ਮਰਦ-ਪਿਆਰ'.
'ਭਾਰੀ ਛਾਬਾ ਪਜਾਰ ਦਾ
ਹੋਰ ਜਾਣ ਸਭ ਛਾਰ।
'ਜੋ ਬਣਿਆਂ ਸੋ ਭੱਜਸੀ
ਜੋ ਦਿੱਸੇ ਸੋ ਨਾਸ਼,
'ਲਪਟ ਲਹਿਰ ਇਕ ਪ੍ਰੇਮ ਦੀ
ਕਦੇ ਨ ਹੋਇ ਬਿਨਾਸ।
'ਸੱਚੀ ਰਿਸ਼ਮ ਪਿਆਰ ਦੀ
ਜੁਗ ਜੁਗ ਚਮਕ ਦਿਖਾਇ.
'ਸੱਚੀ ਰੰਗ ਪਿਆਰ ਦੀ
ਪੀਡੀ ਹੁੰਦੀ ਜਾਇ,
'ਸੱਚੀ ਗੰਧਿ ਪਿਆਰ ਦੀ
ਸਦਾ ਸਦਾ ਮਹਿਕਾਇ,
'ਸੱਚੀ ਅੰਸ਼ ਪਿਆਰ ਦੀ
ਸਾਈਂ-ਚਰਨ ਪੁਚਾਇ।' ੩੫.

***

# ਗੁਲਦਾਊਦੀਆਂ ਆਈਆਂ

ਗੁਲਦਾਊਦੀਆਂ ਆਈਆਂ ਸਾਡੀਆਂ
ਗੁਲਦਾਊਦੀਆਂ ਆਈਆਂ!
ਰਲਮਿਲ ਦਿਓ ਵਧਾਈਆਂ ਸਹੀਓ!
ਰਲ ਮਿਲ ਦਿਓ ਵਧਾਈਆ!
ਵਰ੍ਹਾ-ਵਿਛੁੰਨੀਆਂ ਸਹੀਆਂ ਸਾਡੀਆਂ,
ਝੂੰਮ ਝੁਮੰਦੀਆਂ ਆਈਆਂ;
ਲੰਮੀਆਂ ਲੰਮੀਆਂ, ਸਾਵੀਆਂ ਸਾਵੀਆਂ
ਰੰਦਲ ਕ੍ਵਾਰੀ ਜਿਹੀਆਂ।
ਹਸੂੰ ਹਸੂੰ ਓ ਕਰਦੀਆਂ ਆਈਆਂ
ਆਪ, ਹਸਾਂਦੀਆਂ ਆਈਆਂ,
ਖਿੜੇ, ਖਿੜੰਦੇ ਮੱਥੇ ਆਈਆਂ,
ਖੇੜਾ ਨਾਲ ਲਿਆਈਆਂ।
ਮੁਖੜਾ ਮੁਖੜਾ ਚੰਦ ਚੰਦ ਹੈ
ਚੰਦ-ਮੁਖ ਹੋ ਕੇ ਆਈਆਂ,
ਖਾਣ-ਚੰਦਾਂ ਤੋਂ ਚੰਦ ਲਭਾਕੇ
ਚਿਹਰੇ ਚਾੜ੍ਹ ਲਿਆਈਆਂ।

ਗਗਨ-ਮੰਡਲ ਇਕ ਚੰਦ ਕਾਰਣੇ
ਕੇਡਾ ਗਰਬ ਕਰੇਂਦਾ
ਏਥੇ ਵੇਖੋ ਡਾਲ ਡਾਲ ਹੈ
ਚੰਦ ਚੰਦ ਛਬਿ ਦੇਂਦਾ!
ਇਕ-ਰੰਗਾ ਉਹ ਚੰਦ ਅਸਮਾਨੀ,
ਨਾਲ ਦਾਗ਼ ਦੇ ਭਰਿਆ,
ਹਰ-ਰੰਗੇ ਹਰ ਰੌਣਕ ਏਥੇ
ਸੈ ਲਖ ਚੰਦਾ ਚੜ੍ਹਿਆ।
ਗੁਲਦਾਉਦੀਆਂ ਸਾਡੀਆਂ ਸਹੀਓ!
ਚੰਦ੍ਰ ਮੁਖੋਂ ਬੜ੍ਹ ਚੜ੍ਹੀਆਂ,
ਦਰਸ਼ਨ ਕਾਰਣ ਚੰਦ ਅਕਾਸ਼ੀਂ
ਚੜ੍ਹ ਦੇਖੇ ਚੰਦ ਲੜੀਆਂ।
ਮਾਲੀ ਆਖੇ: 'ਗਮਲੇ ਵਿੱਚੋਂ
ਉੱਗ ਉਤਾਹਾਂ ਆਇਆਂ',
ਪਰ ਜੇ ਹੇਠੋਂ ਉੱਤੇ ਆਈਆਂ,
ਚੰਦ-ਮੁਖ ਕਿਥੋਂ ਲਜਾਈਆਂ?
ਚੰਦ ਵਸੇ ਅਸਮਾਨੀਂ ਲੋਕੋ
ਅੰਬਰ ਦੌਰ ਲਗਾਵੇ,
ਮਿੱਟੀ ਗਮਲਜਾਂ ਅੰਦਰ ਨਾਹੀਂ
ਚੰਦ ਕਦੇ ਲੁਕ ਆਵੇ।

'ਸੀਤੇ ਸੀਤਾ ਮਹਿਮਾ ਮਾਹਿ' ਹੈ,
ਅਰਸ਼ੀਂ ਰੂਪ ਵਸੇਂਦਾ,
ਸੁਹਜ ਸੁੰਦਰਤਾ ਵਸੇ ਓਸ ਥਾਂ,
ਘਾੜਤ ਰੂਪ ਘੜੇਂਦਾ।
ਸੁਹਣੀਆਂ ਸਾਡੀਆਂ ਗੁਲਦਾਊਦੀਆਂ,
ਓਥੋਂ ਹੋ ਕੇ ਆਈਆਂ,
ਰੂਪ ਰੰਗ ਇਹ ਫਬਨ ਅਜੈਬੀ,
'ਰੂਪ-ਦੇਸ਼' ਤੋਂ ਲਜਾਈਆਂ।
ਭੋਲੇ ਮਾਲੀ! ਗਾਮਲਜਾਂ ਵਿਚੋਂ
ਹੂਰਾਂ ਏ ਨਹੀਂ ਆਈਆਂ,
ਏ ਅਪੱਛਰਾਂ ਅਰਸ਼ ਤੋਂ ਸਜਨਾਂ!
ਸਾਡੇ ਘਰ ਉਤਰਾਈਆਂ।
ਚਿਹਰੇ ਦੇਖ ਇਨ੍ਹਾਂ ਦੇ ਸਜਨਾ!
ਨੀਝ ਰੰਗ ਤੇ ਲਾਵੀਂ,
ਹਰ ਜੌਹਰ ਹਰ ਰੰਗੇ ਦੇਖੀਂ
ਗਹੁ ਕਰ ਸਮਝ ਕਰਾਵੀਂ।
ਅੱਖੀਂ ਭਰੇ ਅਨੰਦ ਦਰਸ਼ਨੋਂ,
ਸਿਰ ਸਰੂਰ ਜੋ ਧਾਵੇ,
ਸੁਾਦ ਰਮੇਂ ਜੋ ਰੋਮ ਰੋਮ ਵਿਚ
ਮਨ ਨੂੰ ਮਨੋਂ ਭੁਲਾਵੇ,-

ਇਹ ਰਸ ਮਿੱਟੀ ਵਿੱਚ ਨ ਵਸਦਾ,
ਪੱਤਰ ਬੂਟੇ ਨਾਹੀਂ,
ਇਹ ਰਸ ਸਾਡੀ ਮਿਹਨਤ ਨਾਹੀਂ,
ਧਰਤੀ ਇਹ ਰਸ ਨਾਹੀਂ,
ਇਹ ਰਸ ਗ਼ੈਬ ਖ਼ਜ਼ਾਨਾ, ਮਾਲੀ!
ਇਹ ਰਸ ਅਰਸ਼ੀ, ਭਾਈ!
ਇਸ ਰਸ 'ਰੂਪ-ਦੇਸ਼' ਦੀ ਆਭਾ,
ਇਹ ਰਸ ਧੁਰ ਤੋਂ ਆਈ।
ਇਹ ਰਸ ਦੇਵਣਹਾਰੀਆਂ ਸਹੀਆਂ
ਅਰਸ਼ੋਂ ਰੰਗ ਲਿਆਈਆਂ।
ਅਰਸ਼ੀ ਸੁਹਣਿਆਂ ਨੇ ਆ ਏਥੇ,
ਲੁਕ ਲੁਕ ਰਸੀਂ ਭਿੰਨਾਈਆਂ।

**ਚਾਨਣ ਜਿਵੇਂ ਅਕਾਸ਼ੋਂ ਆਵੇ**
**ਸ਼ੀਸ਼ਿਆਂ ਤੇ ਪੈ ਦਮਕੇ,**
**ਤਿਵੇਂ ਸੁੰਦਰਤਾ ਅਰਸ਼ੋਂ ਆਵੇ**
**ਸੁਹਣਿਆਂ ਤੇ ਪੈ ਚਮਕੇ। ੩੬.**

***

# ਕੁਤਬ ਦੀ ਲਾਠ

ਕੀ ਤੂੰ ਕੁਤਬ*! ਕੁਤਬ† ਦਾ ਜਾਇਆ,
ਸੈਮਟਿਕ ਹੈਂ ਤੂੰ ਅਸਲੋਂ?
ਯਾ ਪੱਥਰ, ਤੂੰ ਪੁਤ ਪਿਥੌਰਾ§,
ਆਰਯ¶ ਹੈਂ ਤੂੰ ਨਸਲੋਂ?
ਕੀ, ਤੂੰ ਕੁਤਬ||, ਧ੍ਰੂ ਧਰਤੀ ਦਾ,
ਛੋਟਾ ਤ੍ਰੇਮ = ਦਾ ਭਾਈ,
ਵਿਚ ਅਸਮਾਨ ਅਟਲ 'ਧੁਰ' ਓ ਹੈ,
ਤੂੰ 'ਧ੍ਰੂ' ਹੈਂ ਇਸ ਥਾਈਂ?

---

*ਕੁਤਬ ਦੀ ਲਾਠ ਜੋ ਦਿੱਲੀ ਵਿਚ ਇਕ ਮੁਨਾਰਾ ਹੈ। ਧ੍ਰੂ ਤਾਰੇ ਨੂੰ ਬੀ ਕੁਤਬ ਕਹਿੰਦੇ ਹਨ।

†ਕੁਤਬਦੀਨ ਏਬਕ ਦਿੱਲੀ ਦਾ ਪਹਿਲਾ ਪਠਾਣ ਪਾਤਸ਼ਾਹ-- ਜਿਸਨੇ ਆਖਦੇ ਹਨ ਕਿ ਕੁਤਬ ਦੀ ਲਾਠ ਬਨਾਈ। ਹਿੰਦੂ ਆਖਦੇ ਹਨ ਕਿ ਇਹ ਲਾਠ ਪ੍ਰਿਥੀਰਾਜ ਨੇ ਬਨਵਾਈ ਸੀ ਜੋ ਦਿੱਲੀ ਦਾ ਅੰਤਲਾ ਹਿੰਦੂ ਰਾਜਾ ਸੀ।

‡ਅਰਬ ਆਦਿ ਦੀਆਂ ਕੌਮਾਂ ਜਿਨ੍ਹਾਂ ਦਾ ਪਿੱਛਾ ਆਰਯ ਨਹੀਂ ਹੈ।

§ਪ੍ਰਿਥੀਰਾਜ ਦਾ ਦੂਸਰਾ ਨਾਮ 'ਰਾਇ ਪਿਥੌਰਾ' ਸੀ।

¶ਆਰਯ ਨਸਲਾਂ ਜੋ ਹਿੰਦ, ਈਰਾਨ ਤੇ ਯੂਰਪ ਦੇ ਕਈ ਹਿੱਸਿਆਂ ਵਿਚ ਜਾਕੇ ਵੱਸੀਆਂ। ||ਧ੍ਰੂ ਤਾਰਾ।

ਚੰਦ੍ਰ ਰਾਜ* ਨੇ ਹਸ਼ਤ ਧਾਂਤ ਦਾ
ਥੰਮ੍ਹ ਜਿਵੇਂ ਬਨਵਾਇਆ,
ਯਾਦਗਾਰ ਅਪਣੀ ਦੀ ਖ਼ਾਤਰ
ਇਸ ਥਾਂ ਤੇ ਗਡਵਾਯਾ,
ਤਿਵੇਂ, ਦੱਸ, ਤੁਧ ਯਾਦਗਾਰ ਹਿਤ
ਪ੍ਰਿਥੀ ਰਾਜ ਬਨਵਾਇਆ ?
ਹਿੰਦੂ ਰਾਜ ਗਏ ਦਾ ਬਾਕੀ
ਤੂੰ ਨੀਸ਼ਾਨ ਰਹਾਇਆ ?
ਅਸ਼ੋਕ ਪੁੱਤਰੀ ਜਿਉਂ ਲੰਕਾ ਵਿਚ
ਬੋਧੀ ਬੋੜ੍ਹ ਜਮਾਇਆ,
ਕੁਤਬਦੀਨ ਨੇ ਕੀ ਤਿਉਂ ਤੈਨੂੰ
ਥੰਮ੍ਹ ਇਸਲਾਮ ਗਡਾਯਾ ?
ਜਾਂ ਹਿੰਦੂ ਤੂੰ, ਕੁਤਬ ਦੀਨ ਨੇ
ਕਲਮਾ ਆਣ ਪੜ੍ਹਾਇਆ ?
ਪਹਿਲਾਂ ਹਿੰਦੂ, ਵਿਚ ਇਸਲਾਮੇ
ਤੂੰ ਦਾਖਲ ਸੈਂ ਆਇਆ ?

---

*ਕੁਤਬ ਦੀ ਲਾਠ ਪਾਸ ਇਕ ਵਿਸ਼ਨੂੰ ਦੀ ਗਦਾ ਚੋਖੀ ਵੱਡੀ ਤੇ ਉੱਚੀ ਹਸ਼ਤ ਧਾਂਤੀ ਸਦੀਆਂ ਤੋਂ ਖੜੀ ਹੈ। ਇਹ ਟਿਕਾਣਾ ਸਾਰਾ ਇਕ ਵਿਸ਼ਨੂੰ ਮੰਦਰ ਹੈ ਜੋ ਮੁਸਲ-ਮਾਨਾਂ ਨੇ ਢਾਹ ਕੇ ਕਬਰਾਂ ਨਾਲ ਭਰਿਆ ਹੈ।

ਜਿਸਨੇ ਤੁਧ ਬਨਾਇਆ ਭਾਈ
ਗਲਤੀ ਬੜੀ ਕਰਾਈ,-
ਨਾਮ ਠਾਮ ਅਪਣੇ ਦੀ ਕਈ
ਸਿਲਾ ਨ ਇੱਕ ਲੁਆਈ।
ਹਸ਼ਤ ਧਾਂਤ ਦੀ ਲਾਠ ਉੱਪਰੇ
ਚੰਦ੍ਰ ਰਾਜ ਉਕਰਾਇਆ-
ਅਪਣਾ ਨਾਮ ਪਤਾ ਲਿਖ ਦਿੱਤਾ
ਭਰਮ ਨ ਅੱਜ ਪੁਆਇਆ;
ਤਿਉਂ ਜੇ ਤੇਰਾ ਪਿਤਾ ਕੁਈ ਦੋ
ਹਰਫ਼ ਕਿਤੇ ਲਿਖ ਜਾਂਦਾ,
ਤੈਂ ਅਮਲੇ ਦਾ ਝੇੜਾ ਸਾਰਾ
ਸਿਰ ਨਾ ਕਿਸੇ ਖਪਾਂਦਾ।
'ਕੁਤਬ' ਨਾਮ ਤੋਂ ਸੈਮਟਿਕ ਜਾਪੇਂ,
'ਲਾਠ' ਨਾਮ ਤੋਂ ਹਿੰਦੂ,
ਪਰ ਸਾਨੂੰ ਤੂੰ ਸਾਂਝਾ ਦਿੱਸੇਂ,
ਹਿੰਦ ਗਗਨ ਦਾ ਇੰਦੂ।
ਹਿੰਦੁਸਤਾਨੀ ਅਜਬਾਂ ਅੰਦਰ
ਤੂੰ ਮਿਨਾਰ ਲਾਸਾਨੀ,
ਅਸਲ ਨਸਲ ਭਾਵੇਂ ਹੈ ਕੋਈ
ਤੂੰ ਹੈਂ ਹਿੰਦੁਸਤਾਨੀ।

ਜਾਤ ਜਨਮ ਤੇ ਅਸਲ ਨਸਲ ਨੂੰ
ਕੋਈ ਕਦੇ ਨ ਛਾਣੇ,
ਜਦ ਸੁੰਦਰਤਾ ਦਰਸ਼ਨ ਦੇਵੇ
ਸਭ ਕੁਈ ਅਪਣੀ ਜਾਣੇ। ੩੭.

❋❋❋

# ਬੇਲਾ ਭੁਆਨੀ*

ਅਹੁ ਕੀ ਲਾਲ ਰੌਸ਼ਨੀ ਆਈ
ਪੀਲੀ ਹੈ ਹੁਣ ਹੋਈ,
ਰੰਗ ਮੋਤੀਏ ਦੇ ਵਿਚ ਪਲਟੀ,
ਸ਼ਕਲਧਾਰ, ਹਸ ਰੋਈ।
ਕੋਮਲ ਦੇਹ, ਰੰਗ ਹੈ ਸੁੰਦਰ,
ਧਰਮ ਲਿਸ਼ਕ ਹੈ ਮਾਰੇ,
ਮੱਥੇ ਤੇਜ ਭਗਤਿ ਦਾ ਲਿਸ਼ਕੇ
ਨੈਣ ਪ੍ਰੇਮ ਦੇ ਤਾਰੇ।
ਆ ਕਹਿੰਦੀ:-'ਕਿਉਂ ਸੋਚਾਂ ਸੋਚੇ?
ਏ ਮੇਰਾ ਹੈ ਲਾਠਾ,
'ਇਸ ਉਤੋਂ ਦਰਸਨ ਸਾਂ ਕਰਦੀ
ਜਮਨਾਂ ਦੇਂਦੀ ਠਾਠਾਂ।
'ਪ੍ਰਿਥੀ ਰਾਜ ਦੀ ਬੇਟੀ ਮੈਂ ਹਾਂ,
ਨਾਂ ਹੈ 'ਬੇਲਾ ਭੁਆਨੀ',

---

*ਇਕ ਮਕਬਰੇ ਦੇ ਕਈ ਪੁਸ਼ਤਾਂ ਤੋਂ ਚਲੇ ਆ ਰਹੇ ਅਮੀਨ ਨੇ 'ਕੁਤਬ ਦੀ ਲਾਠ' ਦੀ ਅਸਲੀਅਤ ਇਹੋ ਦੱਸੀ ਸੀ, ਜੋ ਕਹਿੰਦਾ ਸੀ ਕਿ ਸਾਡੇ ਖਾਨਦਾਨ ਵਿਚ ਕਥਾ ਸੀਨੇ ਬਸੀਨੇ ਚਲੀ ਆਈ ਹੈ।

'ਜਮਨਾਂ ਰੋਜ਼ ਨ੍ਹਾਂਣ ਸਾਂ ਜਾਂਦੀ,
ਫਿਰ ਆ ਚੜ੍ਹੀ ਜੁਆਨੀ।
'ਵਜਾਹ ਕੀਤਾ, ਝਟ ਪਤੀ ਮਰੇ,
ਮੁੜ ਰਹਿ ਗਈ ਪਿਤਾ ਦੁਆਰੇ,
'ਇਸ ਮੰਦਰ ਵਿਸ਼ਨੂੰ ਦੇ ਤਦ ਤੋਂ,
ਭਾਰੇ ਚਾ ਲਏ ਸਾਰੇ।
'ਏਥੇ ਰਹਿਕੇ ਭਗਤਿ ਕਮਾਣੀ
ਸੇਵ ਵਿਸ਼ਣੂ ਦੀ ਕਰਨੀ,
'ਰਹਿਣਾਂ ਟੁੱਟ ਜਗਤਿ ਤੋਂ ਵੱਖਰੇ
'ਹਰਿ ਹਰਿ' ਹਰੀ ਸਿਮਰਨੀ।
'ਜਮਨਾ ਜਾਣੇਂ ਤੇ ਨਿਤ ਨ੍ਹਾਣੇਂ
ਬਾਪੂ ਵਰਜ ਰਹਾਵੇ ;
'ਮੈਂ ਆਖਾਂ ਮੈਂ ਨੇਮ ਨ ਰਹਿਸੀ,
ਬਾਪੂ ਆਖ ਸੁਣਾਵੇ :-
'ਏਥੇ ਹੀ 'ਵਿਸ਼ਨੂੰ ਪਦ*' ਟਿੱਲੇ,
ਇਸ ਮੰਦਰ ਦੇ ਅੰਦਰ

---

*ਉਸ ਢੱਠੇ ਪਏ ਮੰਦਰ ਦਾ ਨਾਮ, ਜੋ ਇਕ ਟਿੱਬੀ ਦੇ ਉੱਤੇ ਹੈ। ਜਿਥੇ ਕੁਤਬ ਦੀ ਲਾਠ ਹੈ।

'ਜਮਨਾ ਦਾ ਜਲ ਰੋਜ਼ ਪਹੁੰਚਸੀ
ਨ੍ਹਾਵੇ ਬੈਠੇ ਅੰਦਰ।
'ਮੈਂ ਕਹਿਆ:-ਪਰ ਜਮਨਾਂ ਦਰਸ਼ਨ
ਕਿਵੇਂ ਪਿਤਾ ਜੀ ਹੋਵੇ,
'ਦਰਸ਼ਨ ਬਾਝੋਂ ਮਨ ਨਹੀਂ ਤ੍ਰਿਪਤੇ,
ਨੇਮ ਨੇਮਤਾ ਖੋਵੇ।
'ਪਿਤਾ ਤਦੋਂ ਇਹ ਲਾਠ ਬਣਾਈ,
ਉੱਚੀ ਬਹੁਤ ਕਰਾਈ,
'ਜੋ ਮੰਦਰ ਦੇ ਅੰਦਰ ਰਹਿੰਦਜਾਂ
ਮੈਂ ਦਰਸ਼ਨ ਨਿਤ ਪਾਈਂ।
'ਬੇਲ ਭੁਵਾਨੀ ਲਾਠ' ਏਸਦਾ
ਨਾਮ ਤਦੋਂ ਸੀ ਭਾਈ,
'ਲਾਠ ਪਿਥੌਰਾ' ਫਿਰ ਲੋਕਾਂ ਨੇ
ਇਸਦੀ ਅੱਲ ਪਕਾਈ।
'ਪਿਤਾ ਮਰੇ ਜਦ ਜੰਗ ਵਿਚਾਲੇ
ਘਰ ਦੀ ਜੋ ਸੀ ਨਾਰੀ।
'ਹਰ ਇਕ ਅੱਗ ਚੜ੍ਹੀ, ਸੜ ਮੋਈ,
ਫੜੇ ਨ ਆਕੇ ਖ੍ਵਾਰੀ।
'ਇਸ ਮੰਦਰ ਤੇ ਕੁਤਬ ਦੀਨ ਨੇ
ਕਬਜ਼ਾ ਆਕੇ ਕੀਤਾ,

'ਸੋਨਾ, ਚਾਂਦੀ ਹੀਰਾ, ਮੋਤੀ,
ਸਭ ਸੰਭਾਲ ਉਸ ਲੀਤਾ।
'ਚੱਕ ਮੂਰਤਾਂ ਸੱਟ ਦਿੱਤੀਆਂ,
ਕੰਧਾਂ ਦੀਆਂ ਤੁੜਵਾਈਆਂ,
'ਮਸਜਿਦ ਰਚੇ ਮੰਦਰੇਂ ਥਾਵੇਂ
ਵਿਧੀਆਂ ਏਹੁ ਬਨਾਈਆਂ।
'ਏਸ ਲਾਠ ਤੇ ਚੜ੍ਹੇ ਪਥੇਰੇ
ਅਰਬੀ ਲੇਖ ਉਕਰਾਏ,
'ਇਸ ਜੇਹੇ ਤਿੰਨ ਹੋਰ, ਸੋਚਦਾ,
ਲਾਠੇ ਚਹੇ 'ਬਨਾਏ'
'ਮਹਿਰਾਬਾਂ ਕੰਧਾਂ ਬਨਵਾਈਆਂ-
ਸਨ ਉਸਰਾਈਆਂ ਲਾਈਆਂ,
'ਖੂੰਡੀ ਖੇਡ ਰਹੇ ਨੂੰ ਸਾਂਈਂ
ਮੌਤਾਂ ਤੁਰਤ ਭਿਜਾਈਆਂ।
'ਲਾਠ ਦੂਸਰੀ ਕੁਤਬ ਦੀਨ ਦੀ*
ਰਹਿ ਗਈ ਅੱਧ ਵਿਚਾਲੇ,
'ਓਹ ਦੇਖੋ ਜੋ ਖੜੀ ਸਾਮ੍ਹਣੇ
ਰੋਂਦੀ ਹੈ ਦੁਰਹਾਲੇ।

---

*ਕਈ ਆਖਦੇ ਹਨ ਇਹ ਦੂਸਰੀ ਲਾਠ ਇਲਤਮਸ਼ ਨੇ, ਕਈ ਅਲਾਉਦੀਨ ਨੇ, ਸ਼ੁਰੂ ਕੀਤੀ ਸੀ ਜੋ ਸਿਰੇ ਨਹੀਂ ਚੜ੍ਹੀ।

'ਮਹਿਰਬਾਂ ਤੇ ਕੰਧਾ ਦੇਖੋ
ਕੁਛ ਰਹੀਆਂ ਕੁਛ ਗਈਆਂ,
'ਪਰ ਏ ਲਾਠ ਪਿਤਾ ਦੀ ਮੇਰੇ
ਸਹੀ ਸਲਾਮਤ ਰਹੀਆ।'
ਇਤਨੇ ਨੂੰ ਇਕ ਮਧਰਾ,
ਭਰਵਾਂ, ਕੁਲਹਾ ਪਹਿਨੇ ਆਯਾ।
ਗਲ ਸਮੂਰ ਦਾ ਤਿੱਲੇ ਵਾਲਾ
ਚੋਗ਼ਾ ਲੰਮਾ ਪਾਯਾ।
'ਮਲੇਛ' 'ਮਲੇਛ' ਕਹਿ ਬੇਲਾ ਉੱਡੀ,
ਫਿਰ ਨਜਰੀ ਨਹੀਂ ਆਈ,
ਕੁਤਬ ਦੀਨ ਦੀ ਏ ਸੀ ਸੂਰਤ
ਜੋ ਕਿਧਰੋਂ ਟੁਰ ਆਈ*।
ਚੁੱਪ ਚਾਪ ਬਿਨ ਬੋਲੇ ਫਿਰਦੀ
ਘੁੰਮਰ ਸਾਰੇ ਪਾਂਦੀ,
ਚੱਕਰ ਦੇਂਦੀ ਤੇ ਸਾਹ ਭਰਦੀ
ਫਿਰ ਕਬਰੇ ਵੜ ਜਾਂਦੀ।
ਤ੍ਰਬ੍ਰਕ ਅਸਾਂ ਜਦ ਅੱਖ ਉਘਾੜੀ
ਨਜ਼ਰੀਂ ਕੁੱਛ ਨ ਆਯਾ।

*ਕੁਤਬ ਦੀਨ ਦੀ ਕਬਰ ਲਾਹੌਰ ਅਨਾਰਕਲੀ ਵਿਚ ਦੱਸੀਦੀ ਹੈ।

ਸੁੰਦਰ ਥਾਵਾਂ ਦਾ ੳ ਖੋਲਾ
ਚਾਰ ਚੁਫੇਰ ਸੁਹਾਯਾ।
ਸਭ ਵੈਰਾਨ ਜਗਾਂ ਹਨ ਹੋਈਆਂ,
ਖੋਲੇ ਹਨਗੇ ਬਾਕੀ,
ਪਰ ਏ ਲਾਠ ਕੁਤਬ ਦੀ ਕਾਇਮ
ਜਿਉਂ ਕੀ ਤਿਉਂ ਹੈ ਆਕੀ,-
ਕਈ ਸੈ ਬਰਸ ਸਮੇਂ ਸੰਗ ਲੜਦੀ
ਤੱਤਾਂ ਘੋਲ ਘੁਲਾਂਦੀ,
ਜਿਉਂ ਕੀ ਤਿਉਂ ਹੈ ਖੜੀ ਏਸ ਥਾਂ,
ਉਮਰਾ ਅਜੇ ਰਹਾਂਦੀ। ੩੯.

***

# 'ਪਿਆਰ' ਤੇ 'ਫ਼ਰਜ਼' ਦੀਆਂ ਦੇਵੀਆਂ ਦੀ ਸੰਬਾਦ

ਬੈਠੇ ਮਿਲੇ ਪਿਆਰੇ,
ਵਾੜੀ ਪਿਆਰ ਵਾਲੀ.
ਮਾਨੋਂ ਖਿੜੀ ਹੈ ਸੁਹਣੀ,
ਚੋ ਚੋ ਪਵੇ ਹੈ ਲਾਲੀ।
ਝੂੰਮਰ ਹੈ ਸੀਸ ਪਾਂਦੀ
ਦੇਵੀ 'ਪਿਆਰ' ਵਾਲੀ-
ਖੀਵੀ, ਖਿੜੀ, ਖੁਸ਼ੀ ਹੈ
ਗਾਂਦੀ ਵਜਾਇ ਤਾਲੀ:-

ਪਿਆਰ ਦੀ ਦੇਵੀ ਗਾਂਵੀਂ:-

ਪਜਾਰੀ ਖਿੜੀ ਹੈ ਮੇਰੀ
ਵਾੜੀ ਮਿਲਾਪ ਵਾਲੀ,
ਲਹਿਰੇ ਪਿਆਰ ਵਾਯੂ,
ਝੂੰਮੇ ਪਿਆਰ ਡਾਲੀ।

ਛੁਟਦੇ ਖੁਸ਼ੀ ਫੁਹਾਰੇ,
ਬਰਸਨ ਅਨੰਦ ਬੱਦਲ,

ਮੌਜਾਂ ਦਾ ਰਾਗ ਛਿੜਿਆ,
ਹਾਸੀ ਬਜਾਇ ਤਾਲੀ।

ਮਿਲਨਾ ਸੁਖਾਲ ਸਭ ਕੁਛ,
ਮਿਲਨਾ 'ਮਿਲਾਪ' ਔਖਾ,
ਮਿਲ ਜੇ ਮਿਲਾਪ ਜਾਵੇ,
ਜਾਵੇ ਜਨਮ ਨ ਖਾਲੀ।

ਮਿਲਨੇ ਦੀ ਚਿਣਂਗ ਸਭ ਦੇ
ਅੰਦਰ ਮੈਂ ਆਪ ਪਾਈ,
ਜਿਸਨੇ ਹੈ ਇਹ ਮਘਾਈ
ਚਿਣਂਗੋਂ ਹੈ ਅੱਗ ਬਾਲੀ।

ਬਲਦੀ ਹੈ ਅੱਗ ਡਾਢੀ,-
'ਮਿਲਣਾ' ਹੀ ਮਿਲਣ ਲੋਚੇ,
'ਮਿਲਣਾ' ਮਿਲੇ ਜੇ ਨਾਂਹੀ,
ਮਚਦੀ ਏ ਅੱਗ ਲਾਲੀ।

ਭੜਕੀ ਅਗਨ ਮਿਲਣ ਦੀ
ਬਿਰਹੋਂ ਦੇ ਕਸ਼ਟ ਤੋੜੇ,
ਝਾਗੇ ਪਹਾੜ ਨਦੀਆਂ,
ਘਾਲਾਂ ਕਠੋਰ ਘਾਲੀ।

ਜਿਉਂ ਜਿਉਂ ਵਧੀਕ ਅਟਕਾਂ
ਤਿਉਂ ਤਿਉਂ ਏ ਅੱਗ ਤਿੱਖੀ,

ਜਿਉਂ ਜਿਉਂ ਏ ਅੱਗ ਤਿੱਖੀ
ਅਟਕਾਂ ਨੂੰ ਜਾਇ ਜਾਲੀ।
ਬਿਰਹੋਂ ਭੁਯੰਗ ਡਾਢਾ
ਪਾਵੇ ਸਦਾ ਵਿਛੋੜੇ,-
ਮਿਲਣੀ ਘੜੀ ਮਿਲਣ ਦੀ
ਔਖੀ, ਕਠਨ, ਦੁਰਾਲੀ।
ਮੇਰੇ ਚਮਨ ਵਧੇਰੇ
ਲੱਗੀ ਹੈ ਔੜ ਰਹਿੰਦੀ,
ਸਾਂਈਂ ਜਾਂ ਆਪ ਤੁੱਠੇ
ਹੁੰਦੀ ਤਦੋਂ ਖੁਸ਼ਾਲੀ।
ਆਵੇ ਬਨਸਪਤੀ ਤੇ
ਭਾਵੇਂ ਬਸੰਤ ਚਿਰਕੀ,
ਨਿਸਚੇ ਵਰ੍ਹੇ ਦੇ ਮਗਰੋਂ
ਆਵੇ, ਨ ਜਾਇ ਖਾਲੀ।
'ਬਾਰ੍ਹੀਂ ਵਰ੍ਹੀਂ ਸੁਣੀਵੇ'
ਕਹਿੰਦੇ 'ਅਰੂੜੀਆਂ ਦੀ',
ਗੇੜਾ ਚੁਰਾਸੀ ਖਾਕੇ
ਪਾਪੀ ਬੀ ਠੌਰ ਭਾਲੀ।
ਮੇਰੀ ਬਹਾਰ ਦਾ ਹੈ
ਵੇਲਾ ਘੜੀ ਨ ਕੋਈ,

ਆਊ ਕਦੋਂ ਇਹ ਮੁੜਕੇ
ਦੇਊ ਕਦੋਂ ਦਿਖਾਲੀ ?
ਸਿੱਕਾਂ ਸਿਕੇਂਦਿਆਂ ਏ,
ਰਾਹਾਂ ਤਕੇਂਦਿਆਂ ਏ,
ਲੱਚਾਂ ਲੋਚੇਂਦਿਆਂ ਏ,
ਖਿੜਦੀ ਕਦੇ ਹੈ ਲਾਲੀ।
ਤਾਹੀਓਂ ਏ ਅਤਿ ਪਿਆਰੀ,
ਮਹਿੰਗੀ ਹੈ ਜਿੰਦ ਨਾਲੋਂ,
ਮਿਲਦੀ ਘੜੀ ਜਦੋਂ ਹੈ,
ਹੁੰਦੀ ਹਾਂ ਮੱਤਵਾਲੀ*,
ਐਸਾ ਅਮੋਲ ਵੇਲਾ,
ਏਥੇ ਹੈ ਅੱਜ ਆਯਾ,
ਖਿੜਿਆ ਚਮਨ ਏ ਤੱਕਾਂ,
ਮਾਵਾਂ ਨ ਵਾਂਗ ਮਾਲੀ!
(ਤ੍ਰੱਬ੍ਰਕ ਕੇ ਤੇ ਤੱਕਕੇ) :-
ਆਈ ਫ਼ਰਜ਼ ਦੀ ਦੇਵੀ
ਮੇਰੇ ਚਮਨ ਕੀ ਕਰਨੇ ?
ਕੱਛੇ ਹੈ ਕੁਛ ਲੁਕਾਯਾ,
ਹੱਥੋਂ ਬੀ ਹੈ ਨ ਖਾਲੀ।

---

*ਮੱਤਵਾਲੀ = ਕਮਲੀ।

ਦਾਤੀ ਹੈ ਕੱਛ ਮਾਰੀ,
ਕੈਂਚੀ ਹੈ ਹੱਥ ਅੰਦਰ,
ਮੱਥੇ ਤੇ ਤੀਉੜੀ ਹੈ
ਅੱਖੀ ਹੈ ਰੋਅਬ ਵਾਲੀ।
ਉਡਦੀ ਓ ਵੇਗ ਤਿੱਖੇ
ਆਈ 'ਫ਼ਰਜ਼' ਦੀ ਦੇਵੀ,
ਬੋਲੀ ਗੰਭੀਰ ਹੋਕੇ,
ਸੁਰ ਨਾਲ ਜ਼ੋਰ ਵਾਲੀ:-

ਫ਼ਰਜ਼ ਦੀ ਦੇਵੀ ਬੋਲੀ:-

ਉੱਠੋ, ਚਲੋ ਮੁਸਾਫ਼ਰ!
ਮਿਲ ਬੈਠਣਾਂ ਨਹੀਂ ਹੈ,
ਪੈ ਕੇ ਮਿਲਾਪ ਮੌਜੀਂ,
ਇਉਂ ਐਂਠਣਾ ਨਹੀਂ ਹੈ।
ਬੈਠੇ ਮਿਲੇ ਜੋ ਸਨਗੇ
ਤ੍ਰਬ੍ਰਕੇ ਏ ਸੱਦ ਸੁਣਕੇ,
ਹੋਰੋਂ ਹੀ ਰੰਗ ਹੋਏ,
ਹਾਲਤ ਨ ਓ ਰਹੀ ਹੈ।
ਦੇਵੀ ਫ਼ਰਜ਼ ਦੀ ਬੋਲੇ,
ਚਾਂਹਦੀ ਨਹੀਂ ਉਡੀਕੇ,

ਜਾਪੇ ਕਿ ਏਸ ਅੰਦਰ
ਰਸ ਦੀ ਕਣੀ ਨਹੀਂ ਹੈ।

ਫੇਰ ਫ਼ਰਜ਼ ਦੀ ਦੇਵੀ ਬੋਲੀ:-

ਕਾਰਜ ਹੈ ਫੇਰ ਕਰਨਾ,
ਵੇਲਾ ਬਹੁਤ ਹੈ ਥੋੜਾ,
ਮਾਰੋ ਹੀ ਮਾਰ ਕਰਦੀ
ਸਿਰ ਸੰਝ ਆ ਰਹੀ ਹੈ।
ਦੁਨੀਆਂ ਨ ਸੁੰਦਰਤਾ ਹੈ,
ਮੇਲਾ ਨ ਮੌਜ ਥਾਂ ਹੈ,
ਫ਼ਰਜ਼ਾਂ ਦੀ ਹੈ ਏ ਘਾਟੀ,
ਲੇਖੇ ਦੀ ਏ ਵਹੀ ਹੈ।
ਉੱਠੋ ਮਿਲਾਪ ਵਿੱਚੋਂ,
ਸਿਰ ਤੇ ਪਏ ਕਰਾਂ* ਨੂੰ
ਤੱਕੋ, ਤੇ ਚਾ ਨਿਬਾਹੋ,
ਬਾਣੀ ਏ ਸਚ ਕਹੀ ਹੈ।
ਬੋਲੀ ਪਿਆਰ ਦੇਵੀ
ਜਿਸ ਤੇ ਹੈ ਚਿੰਤ ਛਾਈ,
ਝੀਣੀ ਵਿਰਾਗ ਵਾਲੀ
ਕੋਮਲ ਅਵਾਜ਼ ਆਈ:-

---

*ਫਰਜ਼ਾਂ ਨੂੰ।

ਪਿਆਰ ਦੀ ਦੇਵੀ ਸ਼ੈਲੀ:-

ਹਿਰਦੇ ਕਠੋਰ ਵਾਲੀ!
ਦਰਦੋਂ ਨਿਰੋਲ ਖਾਲੀ!
ਖਾਲੀ ਮੁਹੱਬਤੋਂ! ਤੂੰ
ਕਿੱਥੋਂ ਹੈਂ ਦੌੜ ਆਈ?
ਕੈਂਚੀ ਤੇ ਦਾਤਰੀ ਏ
ਲੁਣਨੇ ਨੂੰ ਮੈਂ ਬਗ਼ੀਚੀ
ਕਿਥੋਂ ਖ਼ਰੀਦ ਕੇ ਹੈਂ
ਅਪਨੇ ਤੂੰ ਨਾਲ ਲਜਾਈ?
ਮਿਲਿਆਂ ਦੇ ਦੇਖ ਹਿਰਦੇ
ਕੀਕੂੰ ਪਏ ਨੀ ਬੱਝੇ,
ਦੂਈ ਤੋਂ ਦੂਰ ਹੋਏ
ਇਕ-ਰੂਪਤਾ ਸਮਾਈ?
ਕ੍ਰਿਪਾ ਕਰੀਂ, ਪਿਆਰੀ!
ਪਾਵੀਂ ਨ ਭੰਗ ਕੋਈ,
ਦੁਰਲਭ ਬਹਾਰ ਮੇਰੀ
ਮਹਿੰਗੇ ਹੈ ਭਾਉ ਆਈ।
ਪਾ ਕੇ ਦੁਵੱਟ ਮੱਥੇ
ਦੇਵੀ ਫਰਜ਼ ਸੁਣਾਈ

ਡਾਢੀ ਕਰਖਤ ਬਾਣੀ
ਪਹਿਲੇ ਤੋਂ ਕਰ ਸਵਾਈ।

ਫ਼ਰਜ਼ ਦੀ ਦੇਵੀ ਬੋਲੀ:

ਤੈਨੂੰ ਹੈ 'ਸੁੰਦ੍ਰਤਾ' ਦਾ
ਇੱਕੋ ਹੀ ਸ਼ੌਕ ਪਜਾਰਾ,
'ਫ਼ਰਜ਼ਾਂ' ਦੀ ਕਾਰ ਕਰਨੀ,
ਮੈਂ ਤਾਂ ਏ ਲੌ ਲਗਾਈ।
'ਨਰਮੀ ਦਿਲਾਂ' ਦੀ, ਨਾਲੇ
ਖਾਣੀ ਜੁ 'ਖਿੱਚ' ਅੰਦਰ,
ਰਹਿਣਾ 'ਮਿਲਾਪ' ਮੱਤੇ,
ਮੈਨੂੰ ਨ ਲੋੜ ਕਾਈ।
ਜਾਣਾਂ ਅਰਾਮ ਨਾਹੀਂ,
ਮੌਜਾਂ ਤਰਸ ਨ ਜਾਣਾਂ,
ਜਾਣਾਂ ਫ਼ਰਜ਼ ਦਾ ਕਰਨਾ,
ਦੁਖ ਸੁਖ ਵਿਚਾਰ ਨਾਹੀਂ।
ਛੱਡ ਦਿਹ ਦਿਲਾਂ ਨੂੰ, ਪਜਾਰੀ:
ਕਾਰਜ ਬੜਾ ਹੈ ਕਰਨਾ,
ਉਮਰਾ ਹੈ ਬਹੁਤ ਥੋੜੀ,
ਵੇਲਾ ਨਠੇਂਦਾ ਜਾਈ।

ਦੇਵੀ ਪਿਆਰ ਵਾਲੀ
ਜਾਦੂ ਪਰੇਮ ਪਾਇਆ.
ਖਿੱਚਜਾ ਦਿਲਾਂ ਨੂੰ ਡਾਢਾ
ਮਾਨੋ ਸੀ ਇਕ ਕਰਾਯਾ।
ਛਾਯਾ ਪਰੇਮ ਐਸਾ
ਬਾਕੀ ਨ ਹੋਸ਼ ਕੋਈ,
ਲੱਗੇ ਨ ਵਾਹ ਕੋਈ
ਦੇਵੀ ਫ਼ਰਜ਼ ਦਾ ਲਾਯਾ।
ਡਿੱਠਾ ਪਰੇਮ ਗਾੜ੍ਹਾ
ਦੇਵੀ ਫ਼ਰਜ ਦੀ ਰੋਈ,
ਇਕ ਵੇਰ ਛੱਡ ਜਾਣਾਂ
ਉਸਦੇ ਰਿਦੇ ਬੀ ਆਯਾ।
'ਮੋਹ' ਤੋਂ ਛੁਡਾਣ ਆਈ,
ਮੋਹੀ ਗਈ ਓ ਆਪੂੰ,
'ਫ਼ਰਜ਼ੋਂ' ਚਿਤਾਣ ਆਈ
ਅਪਨਾ 'ਫ਼ਰਜ਼' ਭੁਲਾਯਾ।
ਛਿਨ ਦੂਸਰੀ ਦੇ ਅੰਦਰ,
ਵੱਟੀ ਕਸੀਸ ਇਸ ਨੇ
ਵਸਦਾ ਬਗੀਚੜਾ ਓ
ਬਿਰਹੋਂ ਦੀ ਨੈਂ ਰੁੜ੍ਹਾਯਾ।




www.sikhbookclub.com

'ਫ਼ਰਜ਼ਾਂ' ਦੇ ਪਾਲਣੇ ਨੂੰ
ਸਭ ਅੱਡਰੇ ਕਰਾਏ,
ਕੋਈ ਕਿਤੇ ਇਕੱਲੀ,
ਕੋਈ ਕਿਤੇ ਪੁਚਾਯਾ।
ਦੇਵੀ 'ਪਿਆਰ' ਦੀ ਦਾ
'ਮੇਲਾਪ' ਬਾਗ਼ ਖਿੜਿਆ
ਇਕ ਆਨ ਵਿਚ ਲੁਟਾਯਾ
ਇਕ ਆਨ ਵਿਚ ਖਿੰਡਾਯਾ।
ਬਿਰਹੋਂ ਦੇ ਬਨ ਪਹਾੜੀਂ
ਖੋਜਣ 'ਮਿਲਾਪ' ਤਾਂਈਂ
ਦੇਵੀ 'ਪਿਆਰ' ਦੀ ਨੇ
ਫਿਰ ਸੀਸ ਤੇ ਸੀ ਚਾਯਾ।
ਲਭਦੀ 'ਮਿਲਾਪ' ਫਿਰਦੀ
ਰੋਂਦੀ ਵਿਰਾਗ ਮਾਰੀ,
ਹੱਸੀ ਛਿਨਿਕ ਸੀ ਪਜਾਰੀ
ਪਰਬਤ ਗ਼ਮਾਂ ਦਾ ਆਯਾ।
ਦੇਵੀ 'ਫ਼ਰਜ਼' ਦੀ ਚਾਹੇ
ਦਿੱਤੇ ਵਿਛੋੜ ਪਜਾਰੇ
ਮੇਟੀ ਨ 'ਖਿਚ' ਮਿਲਣ ਦੀ
ਭਾਵੇਂ ਸੀ ਜ਼ੋਰ ਲਾਯਾ।

ਮੇਲੇਗੀ ਖਿਚ ਮਿਲਣ ਦੀ,
ਦੇਵੀ 'ਪਿਆਰ' ਵਾਲੀ!
ਕਾਹਨੂੰ ਉਦਾਸ ਹੋਵੇਂ
ਜੀ ਕਾਮ ਨੂੰ ਹੈ ਢਾਯਾ।
ਮਿਲਣੇ ਦੀ 'ਖਿੱਚ' ਜੇ ਹੈ,
ਤੇਰਾ ਨ ਬਾਗ਼ ਲੁਟਿਆ
ਹੈ 'ਰਾਸ' ਕੌਮ ਜਿਸਦੀ
'ਤੋਟਾ' ਨ ਓਸ ਆਯਾ।
ਖਿੱਚੇਗੀ ਖਿਚ ਅਗੰਮੀ
ਵਿੱਥਾਂ ਅਮਿਣਵੀਆਂ ਵਿਚ,
ਕਸਕਾਂ ਤੇ ਦੇ ਤੁਣੱਕੇ
ਮੇਲਣ ਦਾ ਤਾਣ ਲਾਯਾ।
'ਖਿਚ' ਹੈ ਏ ਰਾਸ ਤੇਰੀ,
ਸਾਲਾ ਨਿਖੁੱਟੇ ਨਾਹੀਂ,
'ਵਿਛੁੜਨ' 'ਮਿਲਨ' ਦੇ ਅੰਦਰ
ਇਸਦਾ ਹੈ ਰਾਜ ਸ੍ਵਾਯਾ। ੩੯.

* * *




www.sikhbookclub.com

# ਪਦਮ ਬ੍ਰਿੱਛ ਦੀ ਬਹਾਰ

ਉੱਡੀ ਨਮੀਂ ਅਕਾਸ਼ਾਂ ਵਿਚੋਂ
ਬੱਦਲ ਹਨ ਖਿਸਕਾਏ.
ਨਿਰਮਲ ਹੋ ਅਸਮਾਨ ਟਹਿਕਿਆ
ਨੀਲੇ ਰੂਪ ਦਿਖਾਏ।
ਸਾਰੀ ਛਬੀ ਅਕਾਸ਼ਾਂ ਵਾਲੀ
ਲੁਕੀ ਨਿਕਲ ਹੈ ਆਈ।
ਮਾਨੋਂ ਫਬਨ ਗੁਆਚੀ ਹੋਈ
ਕੁਦਰਤ ਲੱਭ ਲਿਆਈ।
ਦਿਨ ਨੂੰ ਸੂਰਜ, ਚੰਦ ਰਾਤ ਨੂੰ
ਤਾਰਿਆਂ ਰੂਪ ਦਿਖਾਇਆ.
ਨੀਲੇ ਧੋਤੇ ਅੰਬਰ ਉੱਤੇ
'ਸੁਹਜ' ਬਜ਼ਾਰ ਲਗਾਇਆ।
ਪਰ ਹੇਠਾਂ ਹੁਣ ਤਰੀ ਘਟ ਗਈ
ਉੱਤੇ ਪਏ ਨ ਪਾਣੀ,
ਆਬ ਘਟੇ ਫੁੱਲਾਂ ਦੀ ਛਿਨ ਛਿਨ,
ਸਬਜ਼ੀ ਹੈ ਕੁਮਲਾਣੀ।

ਸਾਵੇ ਸਾਵੇ ਟਿੱਬੇ ਸਾਰੇ
ਪੀਲੱਤਣ ਤੇ ਆਏ,
ਸਾਖ਼ਾਂ ਨੇ ਹੈ ਰੰਗ ਬਦਲਿਆ
ਸਬਜ਼ੀ ਘਟਦੀ ਜਾਏ,
ਪੱਤੇ ਝੜਨ ਉਦਾਸੀ ਖਾ ਖਾ,
ਡਾਲਾਂ ਕਾਂਬੇ ਆਈਆਂ,
ਠੰਢੀ ਪੌਣ ਵਗੇ, ਰੰਗ ਪਲਟੇ,
ਆਨ ਉਦਾਸੀਆਂ ਛਾਈਆਂ।
ਗੁਲਾਬਾਸੀਆਂ ਬੀ ਲੈ ਆਈਆਂ
ਜਾਂਦੇ ਫੁਲ ਕੁਮਲਾਏ,
ਇਸ਼ਕ ਪੇਚਿਆਂ ਦਾਣਾਂ ਪੈਰਾਜਾ,
ਫੁੱਲਾਂ ਮੂੰਹ ਲੁਕਾਏ।
ਬਦਲ ਵਤੀਰਾ ਲਿਆ ਕਤੀਰੇ
ਸਾਰੇ ਫੁੱਲ ਸਮੇਟੇ,
ਬੀ ਬੀ ਹੋ ਕੇ ਕਿਰਦਾ ਜਾਂਦਾ।
ਪਿਆ ਖਾਕ ਵਿਚ ਲੇਟੇ,
ਵੰਨੇ ਵੰਨ ਰੰਗਾਂ ਦਾ ਡੇਲੀਆ
ਖੇੜਾ ਸੀ ਜਿਸ ਲਾਇਆ,
ਮੀਨਾ ਲਾਇ ਬਜ਼ਾਰ ਰੰਗਾਂ ਦਾ
ਜਾਦੂ ਸੀ ਜਿਨ ਪਾਇਆ,

ਕੁਮਲਾਂਦਾ ਸਿਰ ਸਿਟਦਾ ਜਾਂਦਾ
ਨਜ਼ਰ ਨਹੀਂ ਹੁਣ ਆਂਦਾ,
ਜਿਨੀਆਂ ਛੋਟਾ ਵੀਰ ਏਸਦਾ
ਨਾਲੇ ਟੁਰਿਆ ਜਾਂਦਾ।
ਨਿੱਕੇ ਮੋਟੇ ਹੋਰ ਫੁੱਲ ਬੀ
ਗ਼ਮ ਹੋ ਰਹੇ ਨਾਲੇ,
ਸਹਿਮ ਬਨਸਪਤਿ ਤੇ ਹੈ ਛਾਯਾ
ਰੱਖੇ ਪੈਰ ਸਿਆਲੇ।
ਅਸਮਾਨਾਂ ਦੀ ਖਿੜੀ ਸੁੰਦਰਤਾ,
ਪਰਬਤ ਦੀ ਕੁਮਲਾਈ,
ਭਈ ਉਦਾਸ ਬਨਸਪਤਿ ਸਾਰੀ,
ਦਿਲਗੀਰੀ ਵਿਚ ਆਈ,
ਚਾਣਚੱਕ ਕੀ ਨਜ਼ਰੀਂ ਆਇਆ,
ਪਦਮ ਅੱਖ ਭਰ ਆਈਆਂ,
ਛੁਟੇ ਸ਼ਗੂਫੇ ਸ਼ਾਖ ਸ਼ਾਖ ਤੋਂ,
ਫੁੱਲਾਂ ਸਰੀਆਂ ਲਾਈਆਂ।
ਰੰਗ ਗੁਲਾਬੀ ਤੇ ਭਾ ਸੁਹਣੀ,
ਆਭਾ ਮਸਤੀਆਂ ਵਾਲੀ,
ਏਸ ਸ਼ਗੂਫ਼ੇ ਤੋਂ ਪਈ ਟਪਕੇ
ਹਲਕੀ ਸੁਹਣੀ ਲਾਲੀ,

ਪੱਤ ਨ ਦਿਸਦਾ ਨਵਾਂ ਨਿਕਲਿਆ
ਸ਼ਾਖ ਨ ਟਹਿਣੀ ਕੋਈ।
ਫੁੱਲਾਂ ਦੀ ਭਰ ਡਾਰ ਆ ਗਈ,
ਟਹਿਣੀ ਸੱਭ ਪਰੋਈ।
ਸਿਰ ਤੋਂ ਪੈਰਾਂ ਤੀਕ ਸੁੰਦਰਤਾ,
ਟਿਕਵੀਂ ਰੰਗਤ ਵਾਲੀ।
ਸ਼ੋਖੀ ਤੋਂ ਖਾਲੀ ਪਰ ਮਿੱਠੀ,
ਬੈਠੀ ਡਾਲੀ ਡਾਲੀ।
ਸਾਰਾ ਖਿੜਿਆ ਬ੍ਰਿੱਛ ਪਦਮ ਦਾ
ਨਾਲ ਸ਼ਗੂਫ਼ੇ ਭਰਿਆ।
ਸਹਿਮੀ ਪਈ ਬਨਸਪਤਿ ਦੇ ਵਿਚ
ਖੜਾ ਹੁਲਾਸਾਂ ਵਰਿਆ।
ਦੱਸੇ ਕੁਦਰਤ ਦੀ ਇਕ ਵਰਤੋਂ,
ਵਿੱਚ ਉਦਾਸੀ ਰੁੱਤੇ,
ਫੂਲਝੜੀ ਜਦ ਹੋ ਰਹੀ ਸਾਰੇ,
ਤਦੋਂ ਪਦਮ ਦੇ ਉੱਤੇ
ਖਿੜ ਗੁਲਜ਼ਾਰ ਹੋਕਰੇ ਦੇਂਦੀ:-
ਹੈ 'ਬਹਾਰ-ਰੁਤ' ਏਥੇ,
ਨਹੀਂ ਉਦਾਸੀ ਛਈ ਅਸਾਂ ਤੇ,
ਫੂਲਝੜੀ ਨਹੀਂ ਚੇਤੇ।

ਸਹਿਮ ਗਈ ਬਨਰਾਇ ਸਗਲ ਹੈ
ਠੰਢਕ ਆਈ ਸੁਣਕੇ,
ਖੇੜਾ ਛੱਡ ਸਭਸ ਨੇ ਦਿੱਤਾ,
ਹੋ ਨਿਰਾਸ ਸਿਰ ਧੁਣਕੇ।
ਪਰ ਕੁਦਰਤ ਵਿਚ ਅਜੇ ਪਿਆ ਹੈ
ਉਹ ਸਮਾਨ ਇਸ ਰੁੱਤੇ।
ਜੇ ਲਈਏ ਤਾਂ ਖਿੜੀਏ ਫੁਲੀਏ
ਰਹੀਏ ਸ਼ਗੂਫ਼ੇ ਉੱਤੇ।
ਸਹਿਮ ਗਿਆਂ ਤੇ ਸੋਚੀਂ ਪੈਗਜਾਂ
ਗਿਆਂ ਉਦਾਸੀ ਮੰਦਰ,
ਫੂਲਝੜੀ ਆਪੇ ਹੋ ਜਾਂਦੀ,
ਛਾਇ ਹਨੇਰਾ ਅੰਦਰ।
ਜੇ ਕੁਦਰਤ ਦੇ ਰੰਗ ਵਟਾਇਆਂ
ਇਸਦੇ ਮਗਰਵਟਾਈਏ,
ਅਪਨਾ ਢੰਗ, ਖੋਜ ਇਸ ਕਰੀਏ
ਤਾਂ ਕੁਝ ਲੱਭ ਲਿਆਈਏ,
ਜਿਸਦੇ ਨਾਲ ਮਿਲੇ ਫਿਰ ਖੇੜਾ
ਵਿੱਚ ਸ਼ਗੂਫੇ ਬਹੀਏ,
ਸਦਾ ਬਸੰਤ ਬਹਾਰ ਹਮੇਸ਼ਾਂ
ਫੁੱਲਾਂ ਤੇ ਨਿਤ ਰਹੀਏ।

ਰੁਤ ਬਦਲੀ ਦੇ ਰੰਗ ਬਦਲਿਆਂ
ਆਪੇ ਸੱਟ ਨ ਖਾਈਏ,
ਖੇੜੇ ਦੇ ਸਾਮਾਨ ਢੂੰਡੀਏ
ਫਿਰ ਖੇੜੇ ਵਿਚ ਆਈਏ।
ਜੇਹੀ ਰੁੱਤ ਸਮਾਨ ਉਜੇਹਾ
ਲੱਭ ਕੁਦਰਤ ਤੋਂ ਲਈਏ,
ਇਸ ਦੇ ਬੇ ਅਸਗਾਹ ਖ਼ਜ਼ਾਨੇ
ਆਪ ਟੋਲ ਵਿਚ ਪਈਏ।
ਲੱਭ ਪਵੇ ਖੇੜਾ ਫਿਰ ਕਿਧਰੋਂ
ਰਹੇ ਬਹਾਰ ਹਮੇਸ਼ਾ
ਫੁਲਝੜੀ ਤੇ ਪੱਤਝੜੀ ਦਾ
ਮਿਟਦਾ ਫੇਰ ਅੰਦੇਸ਼ਾ।
ਰੁੱਤ ਉਦਾਸੀ ਦੇ ਵਿਚ ਖਿੜਕੇ
ਪਦਮ ਕੂਕ ਪਏ ਕਹਿੰਦੇ:-
'ਸਦਾ-ਬਹਾਰ' ਉਨ੍ਹਾਂ ਤੇ ਜਿਹੜੇ
ਹੋ ਦਿਲਗੀਰ ਨ ਬਹਿੰਦੇ।
'ਖੇੜਾ ਭਰਿਆ ਹਰ ਰੁੱਤੇ ਹੈ,
ਹਰ ਹਾਲੇ ਹਰ ਜਾਈ,
'ਖਹਿੜਾ ਛੱਡਜਾ ਜਿਸ ਨਾ ਇਸਦਾ
ਰਮਜ਼ ਉਸ ਨੇ ਪਾਈ।' ੪੦.




www.sikhbookclub.com

# ਗੰਗਾਰਾਮ*।

ਵਿਚ ਜੰਗਲ ਇੱਕ ਉਜਾੜ ਖੜੀ
ਇਕ ਤੋਤਾ ਬੈਠਾ ਰੋਂਦਾ ਹੈ,
ਡਰ ਉਠਦਾ, ਤਕਦਾ, ਟਪਦਾ ਹੈ,
ਤਕ ਤਕ ਕੇ ਫਾਵਾ ਹੋਂਦਾ ਹੈ,
ਖਾ ਸਹਿਮ ਕਦੇ ਛਹਿ ਬਹਿੰਦਾ ਹੈ,
ਬੰਨ੍ਹ ਆਸ ਕਦੇ ਤੁਰ ਪੈਂਦਾ ਹੈ,
ਚੁਕ ਟੰਗ ਕਦੇ ਅਖ ਮੀਟੇ ਹੈ
ਖਕ ਖੰਭ ਕਦੇ ਫੜਕੈਂਦਾ ਹੈ।
ਇਉਂ ਡਾਵਾਂ ਡੋਲਕ ਹੁੰਦੇ ਨੂੰ
ਭੁਖ ਤ੍ਰੇਹ ਨੇ ਨਾਲ ਸਤਾਯਾ ਹੈ,
ਪਰ ਦੁਖ ਹਰਤਾ ਇਸ ਦੁਖੀਏ ਦਾ
ਕੁਈ ਲੈਣ ਸਾਰ ਨਾ ਆਯਾ ਹੈ।
ਸੀ ਪਿੱਪਲ ਇੱਕ ਉਦਾਰ ਬੜਾ,
ਕੁਛ ਦੂਰ ਸੁਹਾਵਾ ਲਹਿਰ ਰਿਹਾ,

---

*ਪਾਲਤੂ ਤੋਤੇ ਨੂੰ ਪੰਜਾਬੀ ਘਰਾਂ ਵਿਚ ਗੰਗਾਰਾਮ ਯਾਂ ਮੀਆਂ ਮਿੱਠੂ ਆਖਦੇ ਹਨ। ਇਹ ਪਿੰਜਰੇ ਪਿਆ ਚੂਰੀਆਂ ਖਾਂਦਾ ਤੇ ਆਦਮੀ ਨਾਲ ਗਿੱਝ ਜਾਂਦਾ ਹੈ ਅਰ ਉਸਦੀ ਬੋਲੀ ਦੀ ਨਕਲ ਭੀ ਕਰ ਲੈਂਦਾ ਹੈ।

ਇਕ ਡਾਰ ਉਡੰਦੀ ਤੋਤਿਆਂ ਦੀ,
ਇਸ ਤੇ ਆ ਬੈਠ ਅਰਾਮ ਲਿਆ।
ਝੁਮ ਝੂਮਣ ਡਾਲ ਹਿਲੰਦੀਆਂ ਤੇ,
ਟੁਕ ਗੋਲ੍ਹਾਂ ਖਾਣ ਅਚਿੰਤ ਬੜੇ:
ਖੁਸ਼ ਹੋ ਹੋ ਚਹਿ ਚਹਿ ਸ਼ੋਰ ਕਰਨ,
ਫਿਰ ਚਾਰ ਚੁਫੇਰੇ ਨਜ਼ਰ ਲੜੇ।
ਇਕ ਤੋਤੇ ਡਿੱਠਾ ਦੂਰ ਬੜੀ,
ਕੁਈ ਵੀਰ ਅਸਾਡਾ ਵਿਲਕ ਰਿਹਾ,
ਵਿਚ ਦੁੱਖ ਤਸੀਹੇ ਪਿਆ ਕਿਸੇ,
ਖੰਭ ਹੁੰਦਿਆਂ ਤੇ ਹੈ ਢਿਲਕ ਰਿਹਾ।
ਇਹ ਮਾਰ ਉਡਾਰੀ ਪਾਸ ਗਿਆ:
ਜਾ ਕਹਿੰਦਾ 'ਤੂੰ ਕਿਉਂ ਸਿਸਕ ਰਿਹਾ?
'ਹੈਂ ਦੁਖੀਆ ਕਿਉਂ ਦੁਖਿਆਰ ਬੜਾ,
ਵਿਚ ਸਹਿਮ ਉਦਾਸੀ ਬੁਸਕ ਰਿਹਾ?
'ਆ ਮਾਰ ਉਡਾਰੀ ਨਾਲ ਮਿਰੇ,
ਲੈ ਚੱਲਾਂ ਉੱਪਰ ਬ੍ਰਿਛ ਬੜੇ,
'ਮਤ ਏਥੋਂ ਬਿੱਲੀ ਕੁੱਤਾ ਆ,
ਨਿਜ ਪੇਟ ਭਰਨ ਨੂੰ ਚੁੱਕ ਖੜੇ।'
ਸੁਣ ਤੱਕ ਕਹੇ ਵਲ ਬ੍ਰਿੱਛ ਜ਼ਰਾ:
'ਕੀ ਮੈਂ ਜਾ ਉੱਥੇ ਸਕਦਾ ਹਾਂ?

'ਕੋਈ ਚੁੱਕਣ ਵਾਲਾ ਨਾਲ ਨਹੀਂ,
ਮੈਂ ਸੋਚ ਸੋਚਣੋਂ ਝੁਕਦਾ ਹਾਂ।'
'ਸਿਹ' ਤੋਤਾ ਕਹਿੰਦਾ ਝਿੜਕ ਜਰਾ
'ਤੂੰ ਉੱਡ ਪਰਾਂ ਨੂੰ ਮਾਰ ਭਰਾ!'
ਪਰ ਮਾਰੇ, ਪਰ ਉਡ ਸੱਕੇ ਨਾ,
ਹ ਗੰਗਾਰਾਮ ਲਚਾਰ ਰਿਹਾ।
ਇਹ ਹਾਲ ਅਨੋਖਾ ਤੋਤੇ ਨੇ,
ਨਹੀਂ ਅੱਗੇ ਸੁਣਿਆ ਡਿੱਠਾ ਸੀ,
ਉਡ ਗਿਆ ਭਰਾਵਾਂ ਦੱਸਣ ਨੂੰ
ਇਹ ਨਵਾਂ ਸੁਆਦਲ ਚਿੱਠਾ ਸੀ।
ਜਾ ਸਾਰਾ ਹਾਲ ਸੁਣਾਇਓ ਸੂ,
ਸੁਣ ਡਾਰ ਹਿਠਾਹਾਂ ਆਇ ਗਈ।
ਤਕ ਸਭ ਨੇ ਆਖਿਆ 'ਤੋਤਾ ਹੈ,
ਕੀ ਸਿਰ ਇਸ ਆਣ ਬਲਾਇ ਪਈ?'
ਇਕ ਕਹਿੰਦਾ: 'ਵੀਰਾ ਸਾਵਿਆ ਵੇ!
ਤੂੰ ਕਿਉਂ ਏ ਚਾਲ ਬਣਾਈ ਹੈ?
'ਵਿਚ ਸਹਿਮ ਘੁੱਟਿਆ ਦਬਕ ਰਿਹਾ,
ਕਿਉਂ ਉੱਡਣ ਬਾਣ ਭੁਲਾਈ ਹੈ?'
ਰੋ ਕਹਿੰਦਾ ਗੰਗਾਰਾਮ, 'ਬਈ!
ਮੈਂ ਵਤਨੋਂ ਵਿਛੁੜ ਬਿਹਾਲ ਬੜਾ,

'ਭੁਖ ਤ੍ਰੇਹ ਨੇ ਮਾਰ ਮੁਕਾਯਾ ਹਾਂ,
ਦੁਖ ਸਹਿਮ ਪਿਆ ਸਿਰ ਆਣ ਕੜਾ।'
ਇਕ ਤੋਤਾ ਕਹਿੰਦਾ, 'ਦੱਸ ਬਈ,
ਕੁਛ ਹਾਲ ਵਤਨ ਦਾ ਅਪਨੇ ਤੂੰ।
'ਵਿਚ ਬਿਰਹੋਂ ਜਿਸਦੇ ਰੋਂਦਾ ਹੈਂ,
ਵਿਚ ਪਹੁੰਚਣ ਚਾਹੇਂ ਜਿਸਦੇ ਤੂੰ।'
ਸੁਣਿ ਆਖੇ ਗੰਗਾਰਾਮ: 'ਸੁਣੋਂ,
ਮੈਂ ਦੇਵਲੋਕ ਦਾ ਵਾਸੀ ਹਾਂ,
'ਸੁਖ ਮੌਜ ਬਹਾਰਾਂ ਭੋਗ ਬੜੇ,
ਦਿਨ ਰਾਤ ਰਹਾਂ ਵਿਚ ਹਾਸੀ ਸਾਂ।'
ਇਕ ਤੋਤੇ ਟੁੱਕੀ ਬਾਤ, ਕਹੇ:
'ਇਸ ਥਾਂ ਤੇ ਰਹਿਣਾ ਠੀਕ ਨਹੀਂ,
'ਉਡ ਚਲੋ ਉਤਾਹਾਂ ਪਿੱਪਲ ਤੇ,
ਗਲ ਬਾਕੀ ਓਥੇ ਚੱਲ ਸਹੀ।'
ਉਡ ਡਾਰ ਚਲੀ, ਪਰ ਗੰਗੂ ਜੀ,
ਉਡ ਸਕਣ ਨ, ਫੜ ਫੜ ਕਰਦੇ ਹੈਂ,
ਪਰ ਸਾਵੇ ਵੀਰ ਉਡਾਵਣ ਦੀ,
ਬਿਧਿ ਉਸਦੇ ਮਨ ਤੇ ਧਰਦੇ ਹੈਂ,
ਕੁਈ ਕਹੇ: 'ਖਿਲਾਰ ਪਰਾਂ ਨੂੰ ਤੂੰ',
ਕੁਈ ਕਹੇ: 'ਹਿੱਕ ਦਾ ਜ਼ੋਰ ਭਰੀਂ',




www.sikhbookclub.com

ਕਈ ਕਹੇ: 'ਹੰਭਲਾ ਮਾਰ ਜ਼ਰਾ'
ਕਈ ਕਹੇ: 'ਰਿਦੇ ਤੋਂ ਭਰਮ ਹਰੀਂ।
'ਕਰ ਪੱਕ ਭਰੋਸਾ ਅਪਣੇ ਤੇ,
ਸਾਮਰੱਥ ਆਪ ਤੂੰ ਉਡਣ ਨੂੰ।
'ਫਿਰ ਹੋਇ ਅਚਿੰਤ ਚਲਾ ਚਲ ਤੂੰ,
ਕਰ ਦੂਰ ਦਿਲੋਂ ਡਰ ਡਿੱਗਣ ਨੂੰ।'
ਇਉਂ ਹਿੰਮਤ ਹੀਆ ਦਾਨ ਕਰਨ,
ਕੁਛ ਡੌਲ ਨਾਲ ਸਿਖਲਾਂਦੇ ਹੈਂ,
ਕੁਛ ਡਿਗਦੇ ਨੂੰ ਦੇ ਆਸ੍ਰਾ ਓ
ਉਸ ਪਿੱਪਲ ਤੇ ਲੈ ਜਾਂਦੇ ਹੈਂ।
ਇਕ ਤੋਤੇ ਆਖਜਾ, 'ਗੁਹਲ ਛਕੋ,
ਢਿਡ ਭੁੱਖਾ ਫਲ ਦੇ ਨਾਲ ਭਰੋ,
'ਰਜ ਜਾਵੇ ਤਦੋਂ ਨਿਹਾਲ ਕਰੋ:
ਉਸ ਦੇਵ ਪੁਰੀ ਦੇ ਹਾਲ ਕਰੋ।'
ਟੁਕ ਗੋਹਲ ਰੰਗਾਰਾਮ ਲਈ,
ਪਰ ਸਾਦ ਨ ਆਯਾ, ਸਿੱਟ ਦਈ,
ਫਿਰ ਹੋਰ ਲਈ, ਟੁਕ ਸਿੱਟ ਦਈ,
ਨਕ ਵੱਟ ਕਹੇ 'ਏ ਸੁਆਦ ਨਹੀਂ'।
ਪਰ ਜ਼ਾਲਮ ਭੁੱਖਾ ਪੇਟ ਬੁਰਾ,
ਬਿਨ ਝੁਲਕੇ ਕਰੇ ਅਰਾਮ ਨਹੀਂ।

ਸੇ ਰੇਂਦੇ ਧੋਂਦੇ ਗੰਗੂ ਨੇ,
ਕਰ ਉਗਲ ਨਿਗਲ ਖਾ ਗੁਹਲ ਲਈ।
ਹੁਣ ਪੁੱਛਣ ਹਾਲ ਵਿਲਾਯਤ ਦਾ
ਓ ਗੰਗੂ ਨਾਲ ਸੁਆਦ ਕਹੇ:-
'ਮੈਂ ਦੇਵਤਿਆਂ ਵਿਚ ਵਸਦਾ ਸਾਂ,
ਜਿਥਿ ਜੀਵਨ ਸਦਾ ਅਚਿੰਤ ਰਹੇ,
'ਮੈਂ ਵੱਸਣ ਨੂੰ ਇਕ ਮਹਿਲ ਸਿਗਾ,
ਜੋ ਲੋਹੇ ਨਾਲ ਬਨਾਯਾ ਸੀ,
'ਇਸ ਅੰਦਰ ਬੈਠਜਾਂ ਨਿਰਭੈ ਸਾਂ,
ਕੁਈ ਵੈਰੀ ਨਿਕਟ ਨ ਆਯਾ ਸੀ।
'ਕੁਈ ਭੰਨ ਨ ਇਸਨੂੰ ਸਕਦਾ ਸੀ,
ਫਿਰ ਪੌਣ ਅਜਾਇਬ ਵਗਦੀ ਸੀ।
'ਤੇ ਚੂਰੀ ਮਿੱਠੀ ਮਿਲਦੀ ਸੀ,
ਜੋ ਬਹੁਤ ਸੁਆਦੀ ਲਗਦੀ ਸੀ।
'ਕਈ ਮੇਵੇ ਮਿਰਚਾਂ ਮਿਲਦੇ ਸਨ,
ਕਈ ਭੋਜਨ ਸੁਹਣੇ ਆਂਦੇ ਸੀ,
'ਕਈ ਪਜਾਰ ਲਾਡ ਨਿਤ ਹੁੰਦੇ ਸੀ,
ਕਈ ਲੋਕੀ ਗੀਤ ਸੁਣਾਂਦੇ ਸੀ।
'ਦਿਨ ਰਾਤ ਮੌਜ ਹੀ ਰਹਿੰਦੀ ਸੀ,
ਕੁਈ ਮੁਸ਼ਕਲ ਕਦੇ ਨ ਪੈਂਦੀ ਸੀ,

'ਨਹੀਂ ਚਿੰਤਾ ਆਕੇ ਖਹਿੰਦੀ ਸੀ.
ਮੈਂ ਲੇੜ ਉਨ੍ਹਾਂ ਸਿਰ ਬਹਿੰਦੀ ਸੀ।'
ਇਹ ਕਹਿਕੇ ਗੰਗਾ ਰਾਮ ਹੁਰੀਂ.
'ਲਟ ਪੰਛੀ ਪਟ ਪਟ*' ਪੜ੍ਹਦੇ ਸੀ.
'ਖਾ ਚੂਰੀ' ਮੁੜ ਮੁੜ ਕਹਿੰਦੇ ਸੀ.
ਕਈ ਟੱਪੇ ਯਾਦੋਂ ਜੜਦੇ ਸੀ।
ਏ ਭਜਾਨਕ ਬੋਲੀ ਡਹਿਸ ਭਰੀ.
ਸੁਣ ਕੰਬੀ ਸਾਰੀ ਡਾਰ ਬੜਾ।
ਕੁਛ ਸਮਝ ਸਕੇ ਨਾ ਕੀ ਹੋਯਾ.
ਇਹ ਕੀ ਬਕਦਾ ਹੈ ਸਬਜ਼ ਚਿੜਾ।
ਜਦ ਚੁੱਪ ਹੁਈ ਤਦ ਸੋਚ ਪਈ
ਸਭ ਫਿਕਰ ਦੁੜਾਂਦੇ ਥੱਕੇ ਨੀ।
ਨਹੀਂ ਸਮਝ ਪਿਆ ਜੋ ਓਸ ਕਿਹਾ.
ਫਿਰ ਪੁੱਛਾਂ ਪੁਛ ਪੁਛ ਅੱਕੇ ਨੀ।
ਕੁਝ ਸਿਆਣੇ ਤੋਤੇ ਉੱਡ ਗਏ.
ਇਕ ਸਿੰਮਲ ਦਾ ਸੀ ਬ੍ਰਿੱਛ ਬੜਾ.
ਇਕ ਬਹੁਤ ਪੁਰਾਣੇ ਤੋਤੇ ਦਾ
ਖੋਹ ਇਸਦੀ ਵਿਚ ਸੀ ਇੱਕ ਘੁਰਾ।

---

*ਗੰਗਾਰਾਮ ਨੂੰ ਪਿੰਜਰੇ ਵਿਚ ਪਹਿਲੀ ਗੱਲ ਲੋਕੀ ਇਹੋ ਬੋਲਣੀ ਸਿਖਾਲਦੇ ਹਨ:-'ਲਟਪਟ ਪੰਛੀ ਚਤੁਰ ਸੁਜਾਨ, ਸਭ ਦਾ ਦਾਤਾ ਸ੍ਰੀ ਭਗਵਾਨ। ਪੜ੍ਹ ਗੰਗਾ ਰਾਮ'।

ਜਾਂ ਸਭ ਨੇ ਸੀਸ ਨਿਵਾਇਆ ਏ
ਤੇ ਸਾਰਾ ਹਾਲ ਸੁਣਾਇਆ ਏ,
ਫਿਰ ਪੁੱਛਿਆ, 'ਬਾਬਾ! ਦੱਸ ਅਸਾਂ,
ਕੀ ਤੇਰੀ ਸਮਝੇ ਆਇਆ ਏ?'
ਉਸ ਬੁੱਢੇ ਕਈ ਜ਼ਮਾਨੇ ਵਰਤੇ,
ਦੁਨੀਆਂ ਦੇ ਵਿਚ ਡਿੱਠੇ ਸੇ,
ਕਈ ਹਾਲ ਸੁਣੇ ਤੇ ਪੁੱਛੇ ਸੇ,
ਕਈ ਵਾਚੇ ਪਿਛਲੇ ਚਿੱਠੇ ਸੇ।
'ਹੂੰ' ਕਹਿੰਦਾ ਖੜੋਂ ਨਿਕਲਜਾ ਸੀ,
ਤੇ ਉੱਡ ਪਿੱਪਲੇ ਆਯਾ ਸੀ,
ਤਕ ਓਪ੍ਰੇ ਆਏ ਤੋਤੇ ਨੂੰ,
ਇਕ ਡੂੰਘਾ ਧਜਾਨ ਜਮਾਯਾ ਸੀ।
ਝਟ ਤਾੜ ਗਿਆ, ਰੰਗ ਪਿੱਲਾ ਹੈ,
ਤੇ ਹਿੱਲਣ ਜੁੱਲਣ ਢਿੱਲਾ ਹੈ,
ਅਖ ਦਬਕ ਦਬਕ ਕੇ ਤਕਦਾ ਹੈ,
ਜਿਉਂ ਸਿਰ ਤੇ ਹਰਦਮ ਬਿੱਲਾ ਹੈ,
ਬੁੱਲ੍ਹ ਢਿਲਕੇ ਮੱਥੇ ਜੋਤ ਨਹੀਂ,
ਵਿਚ ਖੰਭਾਂ ਖਿਚਵੀਂ ਤਾਣ ਨਹੀਂ,
ਨਿਜ ਤਾਕਤ ਦੀ ਕੁਈ ਸ਼ਾਨ ਨਹੀਂ,
ਕਲ ਚੜ੍ਹਦੀ* ਦੀ ਕੁਈ ਆਨ ਨਹੀਂ।

*ਚੜ੍ਹਦੀਆਂ ਕਲਾਂ ਦੀ।

ਉਸ ਬਾਬੇ ਬੁੱਢੇ ਸ਼ੱਕ ਪਿਆ-
ਏ ਕੈਦ ਪਿਆ ਯਾ ਦਾਸ ਰਿਹਾ-
ਨਹੀਂ ਦੇਵਲੋਕ ਦੇ ਪਾਸ ਗਿਆ,
ਲੈ ਐਵੇਂ ਉੱਭੇ ਸਾਸ ਰਿਹਾ।
ਫਿਰ ਨਾਲ ਪਜਾਰਦੇ ਬੋਲ ਪਿਆ,
'ਦਸ ਬੱਚੂ ਬਰਖ਼ੁਰਦਾਰ ਬੜੇ!
'ਤੈਂ ਦੇਵ ਲੋਕ ਤੋਂ ਵਿਛੁੜ ਕਦੋਂ
ਦੇ ਲੀਤੇ ਸਿਰ ਤੇ ਦੁੱਖ ਕੜੇ?'
ਰੇ ਰੀਂਗੂ ਆਖੇ 'ਸੈਰ ਕਰਨ
ਟੁਰ ਦੇਵ-ਬਾਲ ਅਜ ਆਏ ਸੀ,
'ਚੁਕ ਮੈਨੂੰ ਨਾਲ ਲਿਆਏ ਸੀ,
ਫਿਰ ਖੇਡੀਂ ਸੱਭ ਲੁਭਾਏ ਸੀ,
'ਓ ਖੇਡ ਖਿਡੰਦੇ ਚੁਹਲ ਭਰੇ
ਤੇ ਟਪਦੇ ਨਚਦੇ ਦੌੜ ਰਹੇ,
'ਛਡ ਮੈਨੂੰ ਕਿਧਰੇ ਨਿਕਲ ਗਏ
ਮੁੜ ਓਸ ਥਾਉਂ ਨਹੀਂ ਪਰਤ ਲਹੇ!
'ਉਹ ਗਏ ਕਿਸੇ ਵਲ ਹੋਰਸ ਨੂੰ,
ਪਟ ਪਟਕੇ ਅੱਖੀਂ ਵੇਂਹਦਾ ਸਾਂ,
'ਫਿਰ ਟੁਰ ਟੁਰ ਥਾਂ ਥਾਂ ਲਭਦਾ ਸਾਂ
ਮੈਂ ਹਾਰਜਾ ਭਾਲ ਕਰੇਂਦਾ ਸਾਂ।'

'ਹੂੰ', ਬੁੱਢਾ ਕਹਿੰਦਾ, 'ਦੱਸ ਭਈ!
ਤੂੰ ਦੇਵ ਲੋਕ ਨੂੰ ਜਾਣਾ ਹੈ?
'ਕੇ ਰਹਿਕੇ ਜੰਗਲ ਵਾਂਗ ਅਸਾਂ
ਬਨ ਬਨ ਦਾ ਮੇਵਾ ਖਾਣਾ ਹੈ?'
'ਹਾਂ, ਦੇਵ ਲੋਕ ਨੂੰ ਜਾਣਾ ਹੈ'
ਕਹਿ ਗੰਗੂ: 'ਰਾਹ ਦਸਾਇਆ ਜੇ,
'ਇਸ ਡਾਵਾਂਡੋਲ ਵਲਾਇਤ ਤੋਂ
ਮੈਂ ਦੇਸ਼ ਵਿਖੇ ਅਪੜਾਇਆ ਜੇ।'

'ਕੀ ਓਥੇ ਮਿਲਦਾ ਖੋਪਾ ਹੈ?
ਕੀ ਫਲ ਬਦਾਮ ਦਾ ਸੋਮਾ ਹੈ?
'ਕੀ ਓਥੇ ਸਾਦਲ ਪੌਣ ਵਹੇ,
ਕੀ ਚਲਦੀ ਗੰਗਾ ਗੋਮਾ ਹੈ?'
ਇਹ ਕਹਿਕੇ ਬੁੱਢੇ ਤੋਤੇ ਨੇ
ਚੌਫੇਰੇ ਨਜ਼ਰ ਦੁੜਾਈ ਸੀ,
ਵਲ ਡਾਰ ਆਪਣੀ 'ਧਜਾਨ ਕਰੋ'
ਇਕ ਐਸੀ ਅੱਖ ਤਕਾਈ ਸੀ।

ਸੁਣ ਗੰਗੂ ਕਹਿੰਦਾ 'ਆਖਾਂ ਕੀ?
ਕੁਝ ਬੋਲਜਾ ਕਿਹਾ ਨ ਜਾਂਦਾ ਏ,
'ਰਸ ਆਵੇ ਵੇਖੀਏ ਅੱਖੀਂ ਜੇ
ਬਿਨ ਡਿੱਠੇ ਸਮਝ ਨ ਆਂਦਾ ਏ।'

ਉਸ ਬੁੱਢੇ ਤੋਤੇ 'ਠੀਕ' ਕਿਹਾ
'ਨਹੀਂ ਡਿੱਠੇ ਵਰਗਾ ਸੁਣਿਆ ਹੈ,
'ਜੇ ਹੱਡੀਂ ਆਕੇ ਵਰਤਿਆ ਨਾ,
ਕੀ ਨਾਲ ਖਿਆਲਾਂ ਪੁਣਿਆਂ ਹੈ,
'ਪਰ ਤਦ ਬੀ ਸੋਚ ਬੜੀ ਸ਼ੈ ਹੈ,
ਇਕ ਸੱਚ ਝੂਠ ਦਾ ਤੱਕੜ ਹੈ,
'ਕਰ ਸਕਦੀ ਨਿਰਣੇ ਸੁਣੀਆਂ ਦੇ,
ਕੀ ਸੱਚ ਜਚੇ, ਕੀ ਯੱਕੜ ਹੈ।
'ਮੈਂ ਪੁੱਛਾਂ ਜੇ ਕੁਛ ਪਜਾਰੇ ਜੀ!
ਦੇ ਉੱਤਰ ਅਸਾਂ ਨਿਹਾਲ ਕਰੋ,
'ਇਸ ਜੰਗਲ ਵਾਸੀ ਪਸ਼ੂਆਂ ਨੂੰ
ਕੁਛ ਮੱਤ ਦਿਓ, ਖੁਸ਼ਹਾਲ ਕਰੋ।
'ਜੋ ਮੰਦਰ ਸੁੰਦਰ ਮਿਲਿਆ ਸੀ
ਵਿਚ ਜਿਸਦੇ ਸੁਖੀਏ ਵਸਦੇ ਸੇ,
'ਕੀ ਬੰਦ ਚੁਤਰਫੋਂ ਹੋਇਆ ਸੀ,
ਯਾ ਉਸਨੂੰ ਇਕ ਦੋ ਰਸਤੇ ਸੇ?'
'ਇਕ ਰਸਤਾ ਉਸਦਾ ਹੈਗਾ ਸੀ,
ਪਰ ਬੰਦ ਸਦਾ ਉਹ ਰਹਿੰਦਾ ਸੀ,
'ਮਤ ਕੋਈ ਮੈਨੂੰ ਖਾ ਜਾਵੇ,
ਇਸ ਗਲ ਤੋਂ ਸੁਖੀਆ ਸੈਂਦਾ ਸੀ।

'ਸਨ ਰਸਤੇ ਚਾਰ ਚੁਫੇਰੇ ਬੀ,
ਧੁਪ ਪੌਣ ਖੁੱਲ੍ਹੀ ਆ ਜਾਂਦੀ ਸੀ,
'ਡਰ ਮੈਨੂੰ ਰਤਾ ਨ ਰਹਿੰਦਾ ਸੀ,
ਕੁਈ ਆਣ ਬਲਾ ਨਾ ਖਾਂਦੀ ਸੀ।'

ਬੁੱਢਾ ਤੋਤਾ-
'ਪਰ ਦੱਸੀਂ ਤਾਕੀ ਮੰਦਰ ਦੀ
ਵਸ ਕਿਸਦੇ ਖੋਲ੍ਹਣ ਮਾਰਨ ਸੀ?
'ਜੇ ਵੱਸ ਨ ਤੇਰੇ ਰੱਖੀ ਸੀ
ਤਾਂ ਇਸਦਾ ਕਹੁ ਕੀ ਕਾਰਨ ਸੀ?
'ਜੇ ਜੀਉੜਾ ਚਾਹੇ ਨਿਕਲਣ ਨੂੰ
ਕੁਈ ਤੇਰੀ ਆਖੀ ਮੰਨਦਾ ਸੀ?
'ਯਾ ਔੜਾ ਮਰਜ਼ੀ ਦੂਏ ਦੀ
ਤੂੰ ਵਿਚ ਪਿਆ ਸਿਰ ਧੁਨਦਾ ਸੀ?
'ਜੋ ਤੂੰ ਦਰਵਾਜ਼ੇ ਦੱਸਦਾ ਹੈਂ
ਕੀ ਉਸਤੋਂ ਬਾਹਰ ਆਂਦਾ ਸੈਂ?,
'ਯਾ ਵਿੱਚੇ ਰਹਿਕੇ, ਉਹਨਾਂ ਤੋਂ
ਦਰਸ਼ਨ ਹੀ ਦੇਂਦਾ ਲੈਂਦਾ ਸੈਂ?',

ਗੰਗਾ ਰਾਮ-
'ਸੀ ਦੇਵਤਿਆਂ ਦੇ ਵੱਸ ਸਦਾ,
ਵਸ ਮੇਰੇ ਰੱਖਣ ਮਾੜਾ ਸੀ,
'ਉਹ ਬੰਦੀ ਨਾ, ਇਕ ਰਾਖੀ ਦਾ
ਮੈਂ ਦੁਾਲੇ ਤਕੜਾ ਵਾੜਾ ਸੀ।

'ਓ ਰਸਤੇ ਮੌਜ ਬਹਾਰਾਂ ਦੇ
'ਵਾ, ਚਾਨਣ, ਸੁਾਦਾਂ ਦੇਂਦੇ ਸਨ।
'ਪਰ ਮੈਨੂੰ ਅੰਦਰ ਰਖਦੇ ਸਨ
ਓ ਦਾਤੇ ਰੱਖ ਕਰੇਂਦੇ ਸਨ।'

ਬੁੱਢਾ ਤੋਤਾ-

'ਜੋ ਅੰਮ੍ਰਿਤ ਖਾਣੇ ਮਿਲਦੇ ਸੇ,
ਓ ਦੇਂਦੇ ਤੈਨੂੰ ਆਪੇ ਸੀ,
'ਯਾ ਮੂੰਹ ਮੰਗਿਆਂ ਬੀ ਦੇਂਦੇ ਸੀ:
ਜੋ ਤੈਨੂੰ ਲਗਦੇ ਮਾਪੇ ਸੀ?'

ਰੰਗਾ ਰਾਮ-

'ਜੋ ਭਾਵੇ ਓਹਨਾਂ ਮਾਪਿਆਂ ਨੂੰ
ਨਿਜ ਬਾਲਾਂ ਵਾਂਙੂੰ ਦੇਂਦੇ ਸੀ,
'ਮੈਂ ਮੰਗਣ ਕੋਲੋਂ ਸੰਗਦਾ ਸੀ,
ਜੋ ਚਾਹੁਣ ਆਪ ਕਰੇਂਦੇ ਸੀ।'

ਬੁੱਢਾ ਤੋਤਾ-

'ਜੇ ਬਾਲ ਕਦੀ ਕੁਈ ਉਹਨਾਂ ਦਾ
ਤੈਂ ਨਾਲ ਖੇਡਦਾ ਹਸਦਾ ਸੀ,
'ਤੇ ਤੈਥੋਂ ਚੱਕ ਵਢੀਂਦਾ ਸੀ,
ਓ ਜਾ ਮਾਪਜਾਂ ਨੂੰ ਦਸਦਾ ਸੀ,
'ਤਦ ਤੈਨੂੰ ਸੋਟੀ ਪੈਂਦੀ ਸੀ:
ਤੇ ਚੂਰੀ ਬੰਦ ਰਹਾਂਦੀ ਸੀ?
'ਜਾਂ ਗੱਲ ਨ ਗੌਲੀ ਜਾਂਦੀ ਸੀ,
ਕੁਈ ਆਫ਼ਤ ਸਿਰੇ ਨ ਆਂਦੀ ਸੀ?'

ਗੰਗਾ ਰਾਮ-

'ਜੇ ਮੈਂ ਅਪਰਾਧ ਕਮਾਂਦਾ ਸਾਂ
ਤਦ ਕੀਤੇ ਦਾ ਫਲ ਪਾਂਦਾ ਸਾਂ,
'ਪਰ ਮੈਂ ਬੀਬਾ ਬਣ ਰਹਿੰਦਾ ਸਾਂ,
ਵਸ ਲਗਦੇ ਨਹੀਂ ਦੁਖਾਂਦਾ ਸਾਂ।'
ਇਹ ਕਹਿੰਦਾ 'ਲਟਪਟ ਪੰਛੀ' ਦੀ
ਫਿਰ ਗੰਗੂ ਬੋਲੀ ਪਾਂਦਾ ਏ,
ਸੁਣ ਤੋਤਾ ਧੌਣ ਉਠਾਂਦਾ ਏ,
ਤੇ ਦੂਜੀ ਗੱਲ ਚਲਾਂਦਾ ਏ।

ਬੁੱਢਾ ਤੋਤਾ-

'ਇਹ ਬੋਲੀ ਜਿਸ ਵਿਚ ਬੋਲੇਂ ਤੂੰ
ਏ ਦੇਵ ਲੋਕ ਦੀ ਬਾਣੀ ਹੈ?
'ਕੀ ਰਮਜ਼ ਬੀ ਦੱਸੀ ਤੈਨੂੰ ਹੈ?
ਯਾ ਕੰਠ ਕਰਨ ਦੀ ਠਾਣੀ ਤੈਂ?
'ਜੇ ਸਮਝੇਂ ਤਾਂ ਸਮਝਾਵੀਂ ਤੂੰ
ਕੀ ਇਸਦਾ ਸਿੱਟਾ ਜਾਤਾ ਈ?
'ਕੀ ਭੇਤ ਸਮਝ ਤੂੰ ਲੀਤੇ ਹਨ?
ਕੀ ਵਿੱਤੋਂ ਵੱਧ ਪਛਾਤਾ ਈ?'

ਗੰਗਾ ਰਾਮ-

'ਮੈਂ ਸਮਝ ਨਹੀਂ ਮੈਂ ਕੀ ਬੋਲਾਂ,
'ਜੋ ਬੋਲਣ ਸੋਈ ਨਕਲ ਕਰਾਂ,

'ਓ ਰੀਝਣ ਏਨ੍ਹਾਂ ਨਕਲਾਂ ਤੇ
ਮੈਂ, ਖੁਸ਼ੀ ਕਰਨ ਦੀ ਅਕਲ ਕਰਾਂ।'
ਇਹ ਸੁਣਕੇ ਤੋਤਾ ਹੱਸ ਪਿਆ
ਸਿਰ ਫੇਰ ਡਾਰ ਨੂੰ ਕਹਿੰਦਾ ਏ:
'ਕੁਛ ਸਮਝਜਾ ਬਰਖ਼ੁਰਦਾਰੋ ਜੇ!
ਕਿਸ ਥਾਂ ਇਹ ਪਜਾਰਾ ਰਹਿੰਦਾ ਏ?
'ਨਹੀਂ ਦੇਵ ਲੋਕ ਤੋਂ ਆਯਾ ਏ,
ਨਹੀਂ ਦੇਵਾਂ ਰਸਤੇ ਪਾਯਾ ਏ,
'ਉਸ ਮਾਨੁਖ ਧਰਤੀ ਟੁਰਦੇ ਨੇ
ਵਿਚ ਬੰਦੀ ਕੈਦ ਰਖਾਯਾ ਏ।'
ਹ ਅਚਰਜ ਸਾਰੇ ਤ੍ਰਬ੍ਰਕ ਗਏ
ਪਏ ਬਿਟ ਬਿਟ ਸਾਰੇ ਤਕਦੇ ਹੈਂ,
ਵਲ ਬਾਬੇ ਮੁੜ ਮੁੜ ਵੇਂਹਦੇ ਹੈਂ
ਵਲ ਗੰਗੂ ਤਕਦੇ ਜਕਦੇ ਹੈਂ।
ਪਾ ਘੂਰੀ ਗੰਗੂ ਵੇਹਰੇ ਹੈ,
ਫਿਰ ਹੇਠਾਂ ਨਜ਼ਰ ਦੁੜਾਵੇ ਹੈ,
ਮਤ ਕਿਧਰੇ ਢੂੰਡ ਕਰੇਂਦਾ ਜੇ
ਕੁਈ ਵਤਨੀ ਤੁਰਿਆ ਆਵੇ ਹੈ।
ਹੁਣ ਬੁੱਢੇ ਤੋਤੇ ਆਹ ਭਰੀ
ਫਿਰ ਨੈਣ ਅਕਾਸ਼ ਉਠਾਂਦਾ ਏ.



 www.sikhbookclub.com

ਜੇ ਅੱਖੀ ਨ ਰੋਂਦੀ ਹੈ
ਦੋ ਅੰਝੂ ਭਰਕੇ ਲੈ ਜਾਂਦਾ ਏ,
ਨਾਂ ਗ਼ਮਜ਼ੇ ਚੁੰਮੇ ਨੈਣ ਕਦੇ
ਓ ਉਠੇ ਰਸੀਲੇ ਰੰਗ ਵਰੇ,
ਵਿਚ ਗੋੱਡਿ ਅਕਾਸ਼ਾਂ ਅਦਬ ਭਰੇ,
ਉਹ ਬਾਬਾ ਐਂ ਅਰਦਾਸ ਕਰੇ:-

'ਹੇ ਸਭ ਤੋਂ ਉੱਚੇ ਉੱਡਣ ਵਾਲੇ
ਅਰਸ਼ਾਂ ਤੋਂ ਭੀ ਪਰੇ ਪਰੇ!
'ਉੱਚੇ ਵੱਸੇ ਬਿਨਾਂ ਆਲ੍ਹਣੇ
ਬਿਨ ਖੰਭਾਂ ਤਰ ਗਗਨ ਰਹੇ!
'ਪੌਣ, ਅਕਾਸ਼, ਧਰਤਿ, ਤਲ, ਪਾਣੀ
ਹਰ ਥਾਂ ਤੋਂ ਦਿਲ-ਪੀੜ ਸੁਣੇਂ,
'ਸੁਣ ਅਰਦਾਸ ਪਸ਼ੂ ਦੀ ਦਾਤੇ!
ਕਦੇ ਨ ਰੱਖੀਂ ਮਿਹਰ ਖੁਣੋਂ,
'ਸਾਨੂੰ ਰੱਖ ਸੁਤੰਤਰ ਦਾਤੇ!
ਬੰਦੀ ਸਾਥੋਂ ਦੂਰ ਵਹੇ,
'ਪਰਤੰਤਰ ਨਾ ਕਦੇ ਕਰਾਂਵੀਂ
ਖੁਲ੍ਹ ਦਾ ਸਦਾ ਸਊਰ ਰਹੇ।
'ਮੂੰਹ ਤਕੀਏ ਨਾ ਕਦੇ ਕੈਦ ਦਾ
ਕਦੇ ਗੁਲਾਮੀ ਆਵੇ ਨਾ,

'ਗੋਲਾ ਕਦੇ ਨ ਕਰੀਂ ਕਿਸੇ ਦਾ
ਪਿੰਜਰੇ ਸਾਨੂੰ ਪਾਵੇ ਨਾ।
'ਦਾਸ ਬਣਾ ਨਾ ਖ਼ਿਦਮਤ ਪਾਵੀਂ,
ਸਾਡੀ ਖੁੱਲ੍ਹ ਖੁਹਾਵੀਂ ਨਾਂ।
'ਦੂਏ ਦੇ ਵਸ ਪਾ ਕੇ ਸਾਨੂੰ
ਮਨ ਦੀ ਮੌਜ ਗੁਵਾਵੀਂ ਨਾਂ।
'ਆਜ਼ਾਦੀ ਹੱਕ ਤੇਰਾ ਦਿੱਤਾ,
ਸਭ ਨੂੰ ਦਾਤ ਕਰਾਈਂ ਤੂੰ।
'ਤ੍ਰੁਠ ਪ੍ਰਭੂ ਜੀ ਦਾਤ ਨ ਖੁੱਸੇ,
ਦਿਤੀ ਦਈ ਰਹਾਈਂ ਤੂੰ।
'ਮਰਜ਼ੀ ਹੇਠ ਕਿਸੇ ਦੀ ਮਰਜ਼ੀ
ਧੱਕੇ ਨਾਲ ਨ ਲਗੇ ਕਦੀ,
'ਰੋਕਾ ਕਿਸੇ ਕਿਸਮ ਦਾ, ਸਾਈਆਂ!
ਪਵੇ ਕਦੇ ਨਾ ਠਗੇ ਕਦੀ।
'ਜੰਗਲ ਵਾਸਾ ਬੇਸ਼ਕ ਦੇਵੀਂ,
ਮਾੜੀ ਮਹਿਲ ਨ ਸ਼ਹਿਰ ਦਈਂ,
'ਤਨ ਨੂੰ ਕੱਜਣ ਖੁਸ਼ੀ ਮਿਲੇ ਪਰ
ਖੁੱਲ੍ਹ ਕਦੇ ਨਾ ਖੱਸ ਲਈਂ।
'ਬੇਸ਼ਕ ਸਾਡੀ ਚੋਗ ਖਿਲਾਰੀਂ
ਹੰਢ ਹੰਢ ਦਿਨ ਪੇਟ ਭਰੇ,

‘ਪੇਟ ਭਰੇ ਚਹਿ ਊਣਾ ਰਹਿ ਜਏ
ਖੁੱਲ੍ਹ ਨ ਸਾਡੀ ਕਦੇ ਮਰੇ।
‘ਰੱਖੇ ਰੁੱਖ ਫਿਰਾਵੀਂ ਸਾਨੂੰ,
ਡਾਲੋ ਡਾਲ ਉਡਾਵੀਂ ਤੂੰ,
‘ਧ੍ਰੇਕੋ ਧ੍ਰੇਕ ਟਪਾ ਕੇ ਸਾਨੂੰ
ਕੌੜੇ ਫਲੀਂ ਰਿਝਾਵੀਂ ਤੂੰ।
‘ਬਨ, ਪਰਬਤ, ਜਲ, ਬਨੀਂ, ਪਹਾੜੀਂ
ਰੇਤ ਥਲੀਂ ਥਾਂ ਦੇਵੀਂ ਤੂੰ,
‘ਖੁੱਲ੍ਹ ਜੁ ਦਿੱਤਾ ਹੱਕ ਸਭਸ ਨੂੰ,
ਦੇਕੇ ਕਦੇ ਨ ਲੇਵੀਂ ਤੂੰ।
‘ਆਨ ਬਾਨ, ਦਿਲ ਸ਼ਾਨ ਅਸਾਡੀ,
ਤੇਰੇ ਤਾਣ ਰਖਾਵੀਂ ਤੂੰ,
‘ਪਜਾਰ ਆਪਨੇ ਬਾਝ ਪ੍ਰਭੂ ਜੀ!
ਦੂਜੀ ਕੈਦ ਨ ਪਾਵੀਂ ਤੂੰ।
‘ਕੈਦ ਕਰਨ ਤੇ ਆਖਣ ਰਾਖੀ
ਦਰਸ਼ਨ ਦੇਵ ਕਰਾਵੀਂ ਨਾ,
‘ਪਾਣ ਪਿੰਜਰੇ, ਦੇਣ ਚੂਰੀਆਂ
ਐਸੇ ਸਖ਼ੀ ਮਿਲਾਵੀਂ ਨਾ।
‘ਖੰਭ ਅਸਾਡੇ, ਪੈਰ ਅਸਾਡੇ,
ਦਿਲ ਸਾਡੇ ਨੂੰ ਰੋਕ ਕਰੇ,




www.sikhbookclub.com

'ਧਰਮੀਂ ਐਸੇ ਅਸਾਂ ਨ ਮੇਲੀਂ
ਡੋਰ ਪਾਇ ਹਥ ਵਾਗ ਫੜੇ।
'ਖੁੱਲ੍ਹੇ ਉਡੰਦਜਾਂ ਮੌਜ ਫਿਰੰਦਜਾਂ
ਬਾਜ ਕਿ ਬਿੱਲਾ ਆਣ ਪਵੇ,
'ਮਦਦ ਵਿਹੂਣੇ, ਰਾਖੀ ਬਾਝੋਂ
ਕੁਲ ਸਾਰੀ ਚਹਿ ਨਾਸ਼ ਹੁਏ,
'ਜਦ ਤਕ ਇੱਕ ਅਸਾਂ 'ਚੋਂ ਜੀਵੇ
ਖੁਲ੍ਹ ਵਿਚ ਓਸ ਸੁਆਸ ਵਹੇ।'

'ਇਕ ਅਰਦਾਸ ਹੋਰ ਹੈ ਸਾਈਆਂ
ਮਿਹਰ ਕਰੀਂ ਦੇ ਕੰਨ ਸੁਣੀਂ,
'ਪਸ਼ੂ ਅਸੀਂ ਆਂ ਪਸ਼ੂ ਰਖਾਵੀਂ
ਬੇਸ਼ਕ ਸਖਣੇ ਸਭਨ ਗੁਣੀਂ।
'ਓਹ ਨਾ ਅਕਲ ਅਸਾਨੂੰ ਦੇਵੀਂ
ਓਹ ਤਹਿਜ਼ੀਬ ਦਿਵਾਵੀਂ ਨਾ,
'ਓਹ ਸੱਭਜਤਾ ਦੂਰ ਰਹਾਵੀਂ
ਵਿੱਦਜਾ ਓਹ ਸਿਖਾਵੀਂ ਨਾ,
'ਜਾਲ ਲਾਣ ਤੇ ਘੜਨ ਪਿੰਜਰੇ
ਕੈਦ ਪਾਣ ਸਿਖਲਾਵੇ ਜੋ,
'ਖੰਭ ਤੋੜ ਕਰ ਬੇਟ ਬਹਾਵੇ
ਦੂਜਿਆਂ ਬੰਦੀ ਪਾਵੇ ਜੋ;

'ਲੋਕ ਗੁਲਾਮ ਬਨਾਇ ਬਹਾਲੇ
ਸੁਰਤਾਂ ਕਤਲ ਕਰਾਵੇ ਜੋ,
'ਤੇਰੇ ਰਚੇ ਸੁਤੰਤਰ ਬੰਦੇ
ਪਰ ਦੇ ਤਾਣ* ਸੁਟਾਵੇ ਜੋ।
'ਖੁੱਲ੍ਹ ਹਰਨ ਦੀ ਜਾਚ ਅਸਾਨੂੰ
ਸਾਈਆਂ! ਕਦੇ ਸਿਖਾਈਂ ਨਾਂ,
'ਪਸ਼ੂ ਅਸਾਂ ਨੂੰ ਚਾਹੇ ਰੱਖੀਂ,
ਮਾਨੁਖ ਕਦੇ ਬਨਾਈਂ ਨਾਂ,
'ਚਹੇ ਜੰਗਲੀ ਚਹੇ ਪਸ਼ੂ ਰੱਖ
ਦਾਨੇ ਚਹੇ ਬਨਾਵੀਂ ਨਾਂ।
'-ਖੁਲ ਵੇਚਣ-ਦੀ ਅਕਲ ਨ ਦੇਵੀਂ
-ਖੁਲ੍ਹ ਖੋਹਣ-ਜਾਚ ਸਿਖਾਵੀਂ ਨਾ।
'ਖੁਲ੍ਹ ਰੱਖਣ-ਦੀ ਗ਼ੈਰਤ ਦੇਵੀਂ
-ਖੁਲ੍ਹ ਖੁਹਣੋਂ-ਸ਼ਰਮ ਦਿਵਾਵੀਂ ਤੂੰ,
'ਖੁਲ੍ਹ ਲਈਏ ਖੁਲ੍ਹ ਦਾਨ ਕਰਾਈਏ
ਖੁਲ੍ਹ ਦੇ ਦਾਸ ਬਨਾਵੀਂ ਤੂੰ।
'ਮੱਚ ਮਰੇ ਨਾ ਕਦੇ ਅਸਾਡਾ
ਗੱਚ ਕਦੇ ਦਿਲ ਢਾਵੇ ਨਾਂ,
'ਖੁਸ਼ੀ ਰਹੇ ਮਨ ਭਰੀਂ ਅਸਾਡੇ
ਕੱਚ ਕਦੇ ਸਿਰ ਆਵੇ ਨਾ,

---

*ਪਰਾਏ ਆਸਰੇ।

'ਗੈਰਤ ਠਰਨ ਖੂਨ ਨਾ ਦੇਵੇ,
ਅਣਖ ਰਗਾਂ ਵਿਚ ਰੱਖੇ ਜੀ,
'ਭੁਜਾਂ ਸਾਡੀਆਂ ਤਾਣ ਲਾਜ ਰਹਿ,
ਅੱਖ ਉਚੇਰੀ ਤੱਕੇ ਜੀ।
'ਮੋਢੇ ਤਣੇ ਤਾਣ ਵਿਚ ਸਿੱਧੇ,
ਗਾਰਦਨ ਆਕੜ ਭਰੀ ਰਹੇ,
'ਜ਼ੋਰ ਰਹੇ ਹਿਕ ਸਾਡੀ ਭਰਿਆ
ਡਰ ਖਾ ਧੌਣ ਨ ਕਦੇ ਢਹੇ।' ੪੧.

— — —

## ਹੁਣ

'ਭੂਤ ਕਾਲ' ਵਿਚ 'ਹੁਣ' ਦੇ ਜੀਂਦਾ,
'ਭ੍ਰਿਖਤ' ਬੀ ਵਿਚ 'ਹੁਣ' ਦੇ ਜੀ,
'ਪੇਹਨ* ਟਿਕੇ ਜਿਉਂ ਕੇਂਦਰ ਉਤੇ,
ਕਾਲ-ਪਸਾਰਾ 'ਹੁਣ' ਤੇ ਥੀ।
ਤੂੰ ਬੀ ਟਿਕ 'ਹੁਣ ਨੁਕਤੇ' ਉੱਤੇ
'ਹੁਣ' ਵਿਚ ਜੀ, ਰਸ ਅੰਮ੍ਰਿਤ ਪੀ,
'ਹੁਣ' ਵਿਚ ਜੀਂਦਿਆਂ ਅੰਮ੍ਰਤ ਪੀਂਦਜਾਂ
ਕਾਲ ਫਤੇ ਹੋ ਜਾਂਦਾ ਈ। ੪੨.

✦ ਇਤਿ ✦

---

*ਵਿਸਥਾਰ।




www.sikhbookclub.com